


LITERARY & CULTURAL MONTHLY OF PANJABI

**THE WATNO DUR**

Post Box No. 1041 Coquitlam, B.C., Canada

## ਸ਼ਲੋਕ ਸ਼ੇਖ਼ ਫ਼ਰੀਦ

ਫ਼ਰੀਦਾ ਜੇ ਜਾਣਾਂ ਤਿਲ ਥੋੜੜੇ ਸਮਲਿ ਬੁਕੁ ਭਰੀ।
ਜੇ ਜਾਣਾਂ ਸਹੁ ਨਢੜਾ ਤਾਂ ਥੋੜਾ ਮਾਣ ਕਰੀ।੪।

ਫ਼ਰੀਦਾ ਅਖੀਂ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ।
ਸਾਖ ਪੱਕਦੀ ਆਈਆਂ, ਹੋਰ ਕਰੇਂਦੀ ਵੰਨ।੧੧।

ਫ਼ਰੀਦਾ ਜਿਨ ਲੋਇਣ ਜਗੁ ਮੋਹਿਆ, ਸੇ ਲੋਇਣ ਮੈਂ ਡਿਠੁ।
ਕਜਲ ਰੇਖ ਨ ਸਹੰਦਿਆ, ਸੇ ਪੰਖੀ ਸੂਇ ਬਹਿਠੁ।੧੪।

ਫ਼ਰੀਦਾ ਖਾਕੁ ਨ ਨਿੰਦੀਐ, ਖਾਕੂ ਜੇਡੂ ਨ ਕੋਇ।
ਜੀਵਦਿਆਂ ਪੈਰਾ ਤਲੈ, ਮੁਇਆਂ ਉਪਰਿ ਹੋਇ।੧੭।

ਫ਼ਰੀਦਾ ਇਨੀ ਨਿਕੀ ਜੰਘੀਐ, ਥਲ ਡੂਗਰ ਭਵਿਓਮਿ।
ਅਜੁ ਫ਼ਰੀਦੈ ਕੂਜੜਾ, ਸੈ ਕੋਹਾਂ ਥੀਓਮਿ।੨੦।

ਫ਼ਰੀਦਾ ਗਲੀਏ ਚਿਕੜੁ ਦੂਰਿ ਘਰੁ, ਨਾਲਿ ਪਿਆਰੇ ਨੇਹੁ।
ਚਲਾ ਤ ਭਿਜੈ ਕੰਬਲੀ, ਰਹਾਂ ਤ ਤੁਟੈ ਨੇਹੁ।੨੪।

ਭਿਜਉ ਸਿਜਉ ਕੰਬਲੀ, ਅਲਹ ਵਰਸਹ ਮੇਹੁ।
ਜਾਇ ਮਿਲਾਂ ਤਿਨਾ ਸਜਣਾ, ਤੁਟਉ ਨਾਹੀ ਨੇਹੁ।੨੫।

ਫ਼ਰੀਦਾ ਸਕਰ ਖੰਡੁ ਨਿਵਾਤ ਗੁੜੁ, ਮਾਖਿਉ ਮਾਂਝਾ ਦੁਧ।
ਸਭੇ ਵਸਤੂ ਮਿਠੀਆਂ, ਰੱਬ ਨ ਪੁਜਨਿ ਤੁਧੁ।੨੭।

ਸੰਪਾਦਕ: ਸੁਰਿੰਦਰ ਧੰਜਲ

ਸਤੰਬਰ 1974

ਨੰ: 15 50 ਸੈਂਟ



T. RAJ KAPAHI C.L.U.
*Unit Supervisor*
Res.: 433-3441



RAVI MATHUR
*Representative*
Res.: 438-2307

# BIG DIFFERENCE

No doubt you are proud of your children and like most parents you want your children to have the best in life. It is a known fact that a person with a University education will earn an average $250-000 or more in his or her lifetime than the person who only completes high school. We at Monarch Life call this the Big Difference. Are you interested in a plan that can help provide the cash you and your children will need to guarantee this Big Difference? . . . Maybe I can help.

*The* **Monarch Life**
**ASSURANCE COMPANY**

**1520-777 HORNBY STREET, VANCOUVER 1, B.C. BUS. 684-5322**

# LONDON FASHION STORE

4393 Main St.
(at 28th Ave.)
Vancouver,
B.C.



Phone:
Business:
876-7515
Residence:
879-3401

Importers, Exporters, Wholesaler, Retailers
Indias novelties & Jewellery
Specialist in:-sarees, shirts, ladies, gents and children knitwear, all kinds of fabrics.

## ਲੰਡਨ ਫੈਸ਼ਨ ਸਟੋਰ

ਜਿਥੋਂ ਤੁਹਾਨੂੰ ਇੰਗਲੈਂਡ ਦੀ ਹਰ ਕਿਸਮ ਦੀ ਫੈਸ਼ਨੇਬਲ ਜੀਊਲਰੀ, ਸਾੜੀਆਂ, ਟਰਾਉਜ਼ਰ ਸੂਟ ਤੇ ਸੂਟਾਂ ਦਾ ਕੱਪੜਾ ਬੱਚਿਆਂ ਦੇ ਸੂਟ, ਹਰ ਕਿਸਮ ਦੀਆਂ ਲੇਡੀਜ਼, ਜੈਂਟਸ ਤੇ ਬੱਚਿਆਂ ਦੀਆਂ ਕੋਟੀਆਂ ਨਵੇਂ ਡੀਜ਼ਾਈਨਾਂ ਵਿਚ ਇੰਗਲੈਂਡ ਦੀਆਂ ਸਰਟਾਂ, ਪਗੜੀਆਂ ਵਿਆਹ ਸ਼ਾਦੀਆਂ ਲਈ ਹਾਰ ਸਿਹਰ, ਚੂੜੇ ਤੇ ਹੋਰ ਬਹੁਤ ਕੁਝ ਬਾਜ਼ਾਰ ਨਾਲੋਂ ਸਸਤਾ ਮਿਲਦਾ ਹੈ।
ਅਜ ਹੀ ਪਹੁੰਚ ਕੇ ਲਾਭ ਉਠਾਓ

Manager: Sarbjit Singh Aawla

# UNION ELECTRONICS

**6169 FRASER STREET, VANCOUVER, B.C.**
**PHONE: 321-0314**

## QUASAR COLOR T.V.

## MOTOROLA BLACK & WHITE T.V.

## SPECIAL OFFER:

1. Toshiba SMC 150, FM/AM/FM stereo system with built in 8 track playback plus Garrard automatic changer complete with speakers & stand M.S.L. **$339.90. our price $255.00.**

2. Toshiba SM 380 FM/AM/FM stereo system automatic changer with magnetic cartridge, diamond stylus. Complete with speakers MSL **329.95. our price $229.95**

MALLORY TAPES: C-60:- $ 1.09 C-90:- $ 1.29 C-90 Low noise $ 1.39

3. Record player needles, head phones, batteries, cassettes, tapes, stereo systems & consoles, Sony tapes, Sony radios, Toshiba radios. Toshiba, Portable, Cassette AM/FM radio.

Fashions from all over the world at low low prices moving to our new store

# Punjab Fashion Store

*We specialize in children's clothes, ladies cardigans, fabrict and jewellery.*

**Note our new address — 4158 Main St. (25th Ave.) Vancouver. Ph. Bus. 879-2612 Res. 872-2370**

ਫ਼ੋਨ: ਸਟੋਰ: 879-2612, ਘਰ: 872-2370 ਪੰਜਾਬ ਫ਼ੈਸ਼ਨ ਸਟੋਰ ਦਾ ਨਵਾਂ ਐਡਰੈਸ 4158 ਮੇਨ ਸਟਰੀਟ (25 ਐਵੀਨਿਊ)

*AN EXCLUSIVE BOUTIQUE for GENUINE EXOTIC GIFTS from INDIA*

# SONA
OF INDIA

**993 Granville Mall**
**Vancouver, B.C.**
**Phone: 688-6641**
**688-6642**

**SONA** comes to Canada to offer you the latest from India with our built in quarantee of Quality which is recognized all over the world.

# WANTED

Immediately at least

# SIX DRIVERS

For

# HAYER TRANSPORT COMPANY

The drivers would also be the working share holders of the Company.
The candidates should have Class 3 Driving License endorsed with Air Brakes.

Or

Some one interested to PASS THIS TEST, WOULD BE PROVIDED WITH THE TRAINING BY THE COMPANY.

The appointed Drivers would get Share from the Company's Profit, in addition to their pay.
For more informations, write: P.O. Box No. 1041 COQUITLAM, B.C.

## Tel. 874-5403, 873-3187

ਰੱਤਾ **ENJOY** ਸਾਲੂ

Full length Punjabi play

# RATTA-SALU

FULL OF ENTERTAINMENT LAUGHTER AND VIGOUR

TALE OF TYPICAL PUNJABI LIFE

WRITTEN BY
HARCHARAN SINGH

DIRECTED BY
YOG RAJ SEDHA

PLAYED BY

AMRIT * AMAN * MOHAN BAGAN * GURDEEP GREWAL * BHUPINDER DHALIWAL
CHARANJEET SIDHU * SURINDER DHANJAL * DALJEET
KARAMJEET * BHAWKHANDAN * KULDEEP * ANDRESH &
YOG RAJ WITH MANY OTHERS.

AT

## QUEEN ELIZABETH PLAYHOUSE

ON

SEPT. 21, 1974, SATURDAY 1.00 P.M

TICKETS $ 3.00, $ 2.00 FROM **GILL SALES** 4525 Main Street
WATNO DUR 824-EAST 8th Avenue

ENQUIRIES: WATNO DUR 874-5403 OR 873-3187

LITERARY & CULTURAL
MONTHLY OF PANJABI

# THE WATNO DŪR

Post Box No. 1041
Coquitlam, B.C., Canada

TELEPHONE:- 874-5403
ANNUAL SUBSCRIPTION: $5.00 : ਸਾਲਾਨਾ ਚੰਦਾ
HALF-YEARLY SUBSCRI: $3.00 : ਛਿਮਾਹੀ ਚੰਦਾ

VOL. 2. S.No. I5 Second Class Mail Reg. No. 3233 SEPTEMBER I974 PRICE 50¢

Editor: SURINDER DHANJAL
Assist. Editor: B. DHALIWAL
Managing Editor: C. SIDHOO
Advertising Editor: D. TOOR
Circulation Editor: K. GHUMAN

## SPECIAL REPRESENTATIVES

MANITOBA: R, SAFFRI.

B. C.
S. TALLEWALIA (Burnaby)
B. DHALIWAL (Burnaby)
G. TALLEWALIA (NewWest)
L. BHINDER (Kamloops)
HHMANN (Pr.George)
J. AULAKH (Pr.George)
S. JATANA (Pr.Rupert)

PUBLISHER:
TARA SINGH HAYER

## ਐਡੀਟੋਰੀਅਲ

ਕਹਾਣੀ-ਕਲਾ ਦੇ ਅੰਸ਼ ਮਨੁੱਖੀ ਕਲਾ ਸੂਝ ਦੀਆਂ ਪਹਿਲੀਆਂ ਕਿਰਤਾਂ ਵਿਚ ਹੀ ਸਮਾਏ ਮਿਲ ਜਾਂਦੇ ਹਨ। ਭਾਰਤੀ ਕਹਾਣੀ ਦਾ ਇਤਿਹਾਸ ਕਾਫੀ ਪੁਰਣਾ ਹੈ, ਜਿਸਨੇ ਵਿਉਪਾਰੀ ਕਾਫਲਿਆਂ ਰਾਂਹੀ ਦੂਸਰੇ ਮੁਲਕਾਂ ਜਿਵੇਂ ਅਰਬ, ਚੀਨ, ਯੂਨਾਨ ਆਦਿ ਨੂੰ ਕਾਫੀ ਪ੍ਰਭਾਵਤ ਕੀਤਾ ਹੈ।

ਪੰਜਾਬੀ ਕਵਿਤਾ ਤੇਰਵੀਂ ਸਦੀ ਵਿਚ ਹੀ ਬਾਬਾ ਫ਼ਰੀਦ ਦੇ ਹੱਥੀਂ ਜਾਦੂ-ਭਰੀ ਬਣ ਗਈ ਪਰ ਸਾਹਿੱਤਕ ਛੂਹਾਂ ਰੱਖਦੀ ਵਾਰਤਕ ਸੱਤ ਸਦੀਆਂ ਬਾਅਦ 1915 ਈ: ਵਿਚ ਭਾਈ ਵੀਰ ਸਿੰਘ ਦੀ ਕਲਮੋਂ ਜਨਮੀ। ਖੁਸ਼ੀ ਦੀ ਗੱਲ ਹੈ ਕਿ ਪੰਜਾਬੀ ਪਿਆਰਿਆਂ ਥੋੜੇ ਜਿਹੇ ਅਰਸੇ ਵਿਚ ਹੀ ਇਸਦੇ ਨਕਸਾਂ ਨੂੰ ਇਨਾਂ ਸਿੰਗਾਰਿਆ ਕਿ ਪੰਜਾਬੀ ਵਾਰਤਕ ਦਾ ਹਰ ਰੂਪ ( ਕਹਾਣੀ, ਨਾਵਲ, ਨਾਟਕ, ਇਕਾਂਗੀ ਆਦਿ) ਅੱਜ ਦੂਸਰੀਆ ਬੋਲੀਆਂ ਵਿਚ ਅਨੁਵਾਦ ਹੋ ਕੇ ਸ਼ੋਭਾ ਲੈ ਰਿਹਾ ਹੈ।

ਬਹੁਤ ਭੋਲੇ ਹਨ ਉਹ ਲੋਕ ਜੋ ਅੱਜ ਪੰਜਾਬੀ ਨੂੰ ਦੂਸਰੀਆਂ ਭਾਰਤੀ ਬੋਲੀਆਂ ਨਾਲੋਂ ਨੀਵਾਂ ਤੱਕਦੇ ਜਾਂ ਸੋਚਦੇ ਹਨ।



Khurana Gurvinderjit Singh

I am 11 years old, studying in grade six, and being trained right now just as my grand-dad my uncles and my dad were trained when they were of my age.

I have been trained not only to look after our interests but also to serve, our valued customers who are always valued whether they are small or big.

THE BIGGEST STORE OF ITS KIND IN CANADA, USA. & JAPAN

# Rokko Sarees & Fabrics

OWNED AND OPERATED BY B. S. KHURANA AND SONS AND GRAND SONS

## 6201 Fraser Street,

## VANCOUVER

## 327-3033

RESIDENT REP:-S. S. KHURANA

## 635 Bloor St. West,

## TORONTO

## 533-1106

RESIDENT REP:-J. S. KHURANA

AT ROKKO SAREES PRICES ARE BORN BUT RAISED ELSEWHERE.

# • • • • ਇਸਤ੍ਰੀ-ਬਣਤਰ • • • •

**ਗੁਰਬਖ਼ਸ਼ ਸਿੰਘ ਪ੍ਰੀਤਲੜੀ**

ਜਦੋਂ ਬ੍ਰਹਮਾ ਇਸਤ੍ਰੀ ਬਣਾਨ ਲਗਾ ਤਾਂ ਕੀ ਵੇਖਦਾ ਹੈ ਕਿ ਸਾਰਾ ਮਸਾਲਾ ਆਦਮੀ ਦੀ ਘਾੜਤ ਵਿਚ ਵਰਤਿਆ ਜਾ ਚੁਕਾ ਹੈ, ਕੋਈ ਠੋਸ ਤੱਤ ਬਾਕੀ ਨਹੀਂ ਬਚਿਆ। ਬਹੁਤ ਸੋਚ ਧਿਆਨ ਮਗਰੋਂ ਬ੍ਰਹਮਾ ਨੇ ਇਕ ਵਿਉਂਤ ਬਣਾਈ।

ਚੰਦ੍ਰਮਾ ਦੀ ਗੋਲਾਈ, ਵੇਲਾਂ ਦੇ ਵਲੇਂਗਣੇ, ਘਾਹ ਦੀ ਕੰਬਣੀ, ਕਿਲਕ ਦੀ ਨਜ਼ਾਕਤ, ਫੁੱਲਾਂ ਦੀ ਟਹਿਕ, ਪੱਤਿਆਂ ਦੀ ਸੁਬਕੀ, ਹਾਥੀ-ਸੁੰਡ ਦੀ ਸਲਾਮੀ, ਹਿਰਨ ਦੀਆਂ ਨਿਗਾਹਾਂ, ਕਿਰਨਾਂ ਦੀ ਪ੍ਰਸੰਨਤਾ, ਬੱਦਲਾਂ ਦੇ ਹੰਝੂ, ਪਵਨ ਦੇ ਵਹਿਮ, ਸਹੇ ਦੀ ਥੋੜ-ਦਿਲੀ, ਮੋਰ ਦਾ ਅਭਿਮਾਨ, ਤੋਤੇ ਦੇ ਸੀਨੇ ਦੀ ਕੋਮਲਤਾ, ਪੱਥਰ ਦੀ ਕਠੋਰਤਾ, ਸ਼ਹਿਦ ਦੀ ਮਧੁਰਤਾ, ਚੀਤੇ ਦੀ ਬੇ-ਤਰਸੀ, ਅਗਨੀ ਦੀ ਸ਼ੇਖੀ, ਬਰਫ ਦੀ ਠੰਢ, ਕਾਂ ਦੀ 'ਕਾਂ,-ਕਾਂ;' ਕੋਇਲ ਦੀ 'ਕੂ-ਕੂ' ਚਾਰਵਾਕ ਦੀ ਵਫ਼ਾਦਾਰੀ, ਲੰਮਢੀਂਗ ਦੇ ਚਰਿਤ੍ਰ — ਇਹਨਾਂ ਸਾਰਿਆਂ ਨੂੰ ਰਲਾ ਮਿਲਾ ਕੇ ਬ੍ਰਹਮਾ ਨੇ ਇਸਤ੍ਰੀ ਬਣਾਈ ਤੇ ਆਦਮੀ ਨੂੰ ਦਿਤੀ।

ਇਕ ਹਫਤੇ ਮਗਰੋਂ ਆਦਮੀ ਬ੍ਰਹਮਾ ਕੋਲ ਆਇਆ ਤੇ ਕਹਿਣ ਲੱਗਾ: "ਭਗਵਾਨ ਇਹ ਪ੍ਰਾਣੀ ਜਿਹੜਾ ਤੂੰ ਮੈਨੂੰ ਦਿਤਾ ਏ, ਏਸ ਨੇ ਤੇ ਮੇਰੀ ਜ਼ਿੰਦਗੀ ਬੇ-ਜ਼ਾਰ ਕਰ ਦਿਤੀ ਏ। ਇਹਦੀ ਚਿੜ-ਚਿੜ ਕਦੇ ਮੁਕਦੀ ਨਹੀਂ, ਨਾ ਇਹ ਘੜੀ ਮੈਨੂੰ ਇਕੱਲਿਆਂ ਦਮ ਲੈਣ ਦੇਂਦੀ ਏ, ਮੇਰੇ ਸਬਰ ਨੂੰ ਛਿੱਥਾ ਪਾ ਦਿਤਾ ਸੂ, ਤੇ ਹਰ ਵੇਲੇ ਨਾਜ਼ਬਰਦਾਰੀ ਮੰਗਦੀ ਏ। ਮੇਰਾ ਸਾਰਾ ਸਮਾਂ ਏਹੀ ਲੈ ਲੈਂਦੀ ਏ। ਨਿਗੂਣੀਆਂ ਗੱਲਾਂ ਬਦਲੇ ਗਲੇਡੂ ਭਰ ਲੈਂਦੀ ਏ ਤੇ ਸਦਾ ਬੇ-ਕਾਰ ਰਹਿੰਦੀ ਏ। ਇਸ ਲਈ ਮੈਂ ਤੇਰੀ ਇਹ ਦਾਤ ਮੋੜਨ ਆਇਆ ਹਾਂ। ਮੈਂ ਇਹਦੇ ਨਾਲ ਰਹਿ ਨਹੀਂ ਸਕਦਾ।"

ਬ੍ਰਹਮਾ ਨੇ ਆਖਿਆ, "ਚੰਗਾ।" ਤੇ ਇਸਤ੍ਰੀ ਨੂੰ ਆਪਣੇ ਕੋਲ ਰੱਖ ਲਿਆ।

ਦੂਜੇ ਹਫ਼ਤੇ ਮਗਰੋਂ ਆਦਮੀ ਫੇਰ ਬ੍ਰਹਮਾ ਕੋਲ ਆਇਆ ਤੇ ਆਖਣ ਲੱਗਾ: "ਭਗਵਾਨ, ਮੇਰੀ ਜ਼ਿੰਦਗੀ ਬੇ-ਰਸ ਤੇ ਇਕੱਲੀ ਜਿਹੀ ਹੋ ਗਈ ਏ, ਜਦੋਂ ਦਾ ਮੈਂ ਉਹ ਪ੍ਰਾਣੀ ਤੈਨੂੰ ਮੋੜ ਗਿਆ ਹਾਂ। ਮੈਨੂੰ ਯਾਦ ਆਉਂਦਾ ਏ ਕਿਵੇਂ ਉਹ ਮੇਰੇ ਲਈ ਨੱਚਿਆ ਗਾਂਵਿਆ ਕਰਦੀ ਸੀ, ਕਿਵੇਂ ਅੱਖੀਆਂ ਦੀਆਂ ਨੁਕਰਾਂ 'ਚੋਂ ਮੇਰੇ ਵਲ ਤੱਕਿਆ ਕਰਦੀ ਸੀ, ਮੇਰੇ ਨਾਲ ਖੇਡਦੀ, ਗਲਵੱਕੜੀਆਂ ਪਾਂਦੀ ਸੀ। ਉਹਦੇ ਹਾਸੇ ਵਿਚ ਰਾਗ ਸੀ, ਉਹ ਤੱਕਣ ਨੂੰ ਸੁਹਣੀ ਸੀ, ਹੱਥ ਲਾਣ ਨੂੰ ਕੂਲੀ ਸੀ, ਕਿਰਪਾ ਕਰ ਤੇ ਮੈਨੂੰ ਮੋੜ ਦੇਹ।"

ਬ੍ਰਹਮਾ ਨੇ ਆਖਿਆ, "ਬਹੁਤ ਚੰਗਾ।"

ਪਰ ਤਿੰਨਾਂ ਦਿਨਾਂ ਬਾਅਦ ਆਦਮੀ ਮੁੜ ਬ੍ਰਹਮਾ ਕੋਲ ਆਇਆ ਤੇ ਬੋਲਿਆ, "ਭਗਵਾਨ, ਮੈਨੂੰ ਕੁਝ ਪਤਾ ਨਹੀਂ ਲਗਦਾ, ਪਰ ਅਖ਼ੀਰ ਮੈਂ ਏਸੇ ਨਤੀਜੇ ਤੇ ਪਹੁੰਚਿਆ ਹਾਂ ਕਿ ਇਹ ਪ੍ਰਾਣੀ ਮੇਰੇ ਵਾਸਤੇ ਏਨੀ ਖ਼ੁਸ਼ੀ ਨਹੀਂ ਜਿੰਨੀ ਮੁਸੀਬਤ ਏ, ਮਿਹਰਬਾਨੀ ਕਰ ਕੇ ਫੇਰ ਵਾਪਸ ਲੈ ਲੈ।"

ਤਦ ਬ੍ਰਹਮਾ ਗੁਸੇ ਹੋਇਆ, "ਜਾ ਤੁਰਦਾ ਹੋ, ਮੈਂ ਇਹ ਖੇਡ ਨਹੀਂ ਬਣਾ ਰਖਣੀ! ਇਹਨੂੰ ਕਾਬੂ ਰਖਣਾ ਤੈਨੂੰ ਸਿੱਖਣਾ ਪਵੇਗਾ।"

ਆਦਮੀ ਨੇ ਉੱਤਰ ਦਿਤਾ, "ਪਰ ਜੀ, ਮੈਂ ਇਹਦੇ ਨਾਲ ਤੇ ਰਹਿ ਹੀ ਨਹੀਂ ਸਕਦਾ।"

"ਨਾ ਇਹਦੇ ਬਿਨਾਂ ਹੀ ਤੈਨੂੰ ਦਮ ਆਉਂਦਾ ਏ।" ਇਹ ਆਖ ਬ੍ਰਹਮਾ ਨੇ ਕੰਡ ਫੇਰ ਲਈ ਤੇ ਆਪਣੇ ਕੰਮ ਵਿਚ ਲਗ ਗਿਆ।

ਤਦ ਆਦਮੀ ਨੇ ਬਹੁਤ ਸਿਰ ਖੁਰਕਿਆ ਤੇ ਆਖਿਆ, 'ਫੇਰ ਮੈਂ ਕਰਾਂ ਵੀ ਕੀਹ, ਨਾ ਇਹਦੇ ਨਾਲ ਗੁਜ਼ਾਰਾ ਹੁੰਦਾ ਏ, ਨਾ ਇਹਦੇ ਬਿਨਾਂ ਹੀ ਚੈਨ ਆਉਂਦਾ ਏ!"

[ਉਲਥਾ — "ਦੀ ਡਿਜਿਟ ਆਫ ਦੀ ਮੂਨ" ਵਿਚੋਂ

⊛


ਕੀ ਤੁਸੀਂ ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਨਕਦ ਵੇਚਣ ਦਾ ਵਿਚਾਰ ਰੱਖਦੇ ਹੋ?

ਹਰਪਾਲ ਤੂਰ

ਦੀ ਮੁਸਕਰਾਹਟ ਤੁਹਾਡਾ ਇੰਤਜ਼ਾਰ ਕਰ ਰਹੀ ਹੈ



MELTON

Formerly A. E. Austin & Co. Ltd.

1435 Kingsway, Vancouver, B.C.

HARPAL TOOR

ਹਰਪਾਲ ਤੂਰ

Mobile radio 38 Off. 879-7571 Res. 524-9848

B.C.'s First Computerized Real Estate Service



IMPORTERS EXPORTERS WHOLESALERS RETAILERS

ROKKO SAREES & FABRICS

27 - SUSSEX RD., SOUTH CROYDON. LONDON. ENGLAND

Phone 688-4590

OWNED AND OPERATED BY B. S. KHURANA AND SONS AND GRANDSONS

# ਤੀਵੀਓਂ-ਸਖਣੀ ਝੁੱਗੀ

ਗੁਰਦਿਆਲ ਸਿੰਘ

ਰੱਬੋਂ ਈ ਦੇਵੀ ਦਿਆਲ ਹੋ ਪਈ। ਭਲਾਂ ਇਊਂ ਕਦੇ ਕੋਈ ਤੀਵੀਂ ਬੰਦੇ ਨੂੰ ਆਪਣੇ ਮੂੰਹੋਂ ਆਖਦੀ ਹੈ—'ਮੈਨੂੰ ਲੈ ਚਲ ?'

ਤੇ ਮੇਲੂ ਅੱਡੀ ਤੇ ਗੇੜ ਖਾ ਗਿਆ !

ਪਿੰਡ ਨੂੰ ਭੇਡਾਂ ਹੱਕੀ ਆਉਂਦਿਆਂ ਉਹਨੂੰ ਸੱਤੇ ਪਤਾਲ ਦਿਸਣ ਲਗ ਪਏ। ਢਾਬਾਂ ਦੇ ਗੁਰਦੁਆਰੇ ਸੁਣੀਆਂ ਸਾਖੀਆਂ ਮੁੜ ਮੁੜ ਚੇਤੇ ਆਉਣ ਲਗ ਪਈਆਂ— ਤੇ ਇਕ ਬੜੀ ਨਿਖੜਵੀਂ : ਜਦੋਂ ਧੰਨੇ ਨੂੰ ਰੱਬ ਮਿਲਿਆ ਉਹਨੇ ਪਸ਼ੂ ਚਾਰਨ ਲਾ ਲਿਆ। 'ਜੇ ਭਲਾਂ ਰੱਬ ਤੀਵੀਂ ਬਣ ਕੇ ਮਿਲਦਾ ਫੇਰ ਵੀ ਢੋਕਾ ਜੱਟ ਮਹੀਆਂ ਮਗਰ ਈ ਲਾਉਂਦਾ ?' ਇਹ ਸੋਚ ਕੇ ਮੇਲੂ ਨੂੰ ਹਾਸੀ ਆ ਗਈ।

'ਤੀਵੀਂ ਨੂੰ ਭਲਾਂ ਕੋਈ ਕਿਵੇਂ ਅਜਿਹੇ ਕੰਮ ਲਾ ਸਕਦੈ !......ਤੀਵੀਂ ਤਾਂ ਹੋਈ ਪਟੋਲ੍ਹਿਆਂ 'ਚ ਸਾਂਭ ਸਾਂਭ ਰਖਣ ਵਾਲੀ ਚੀਜ !'

ਪਰ ਆਪੇ ਹੀ ਝਟ ਕੁ ਪਿਛੋਂ ਮੇਲੂ ਦਾ ਦਿਲ ਬੈਠਣ ਲਗ ਪੈਂਦਾ। ਹੇਠਲਾ ਬੁਲ੍ਹ ਊਠ ਦੇ ਬੁਲ੍ਹ ਵਾਂਗ ਲਮਕਣ ਲਗ ਜਾਂਦਾ। ਉਹਨੂੰ ਜਿਵੇਂ ਆਪਣੇ ਕੰਨਾਂ ਉਤੇ, ਅੱਖਾਂ ਉਤੇ ਭਰੋਸਾ ਨਾ ਆਉਂਦਾ—ਏਡੀ ਅਲੋਕਾਰ ਗੱਲ ਦਾ ਤਾਂ ਉਹਨੂੰ ਕਦੇ, ਸੱਚੀਂ ਸੁਪਨਾ ਵੀ ਨਹੀਂ ਸੀ ਆਇਆ। 'ਪਰ ਕਰਮਾਂ ਦੀ ਗਤੀ ਦਾ ਕੋਈ ਪਤਾ ਲਗਦੈ ਬੰਦੇ ਨੂੰ !'-ਤੇ ਮੇਲੂ ਮੁੜ ਉਹੋ ਸਾਰਾ ਦ੍ਰਿਸ਼ ਅੱਖਾਂ ਸਾਹਮਣੇ ਲਿਆਣ ਦਾ ਯਤਨ ਕਰਦਾ।

......ਉਹ ਬਰਮੀ ਵਾਲੇ ਬਣ ਦੇ ਨਾਲ ਲਗਵੀਂ ਢਿੱਪ ਉਤੇ ਬੈਠਾ ਹੈ। ਭੇਡਾਂ ਨਰਮੇ ਦੇ ਵੱਢ ਵਿਚ ਫਿਰਦੀਆਂ ਹਨ। ਕੁਵੇਲਾ ਹੋ ਜਾਣ ਤੇ ਚਾਹ ਦੀ ਟੋਟ ਸਦਕਾ ਉਸ ਦੀ ਪੀਨਕ ਲਗਦੀ ਜਾਂਦੀ ਹੈ। ਤੇ ਕੁਝ ਚਿਰ ਪਿਛੋਂ ਸਾਹਮਣੇ ਖੇਤਾਂ ਵਿਚ ਖੜੋਤੇ ਬੇਰੜੇ ਦੇ ਮਰਨਊ ਬੂਟਿਆਂ ਵਲ ਅਖਾਂ ਗੱਡ ਕੇ ਝਾਕਦਿਆਂ ਹੀ ਉਹਦੀਆਂ ਅੱਖਾਂ ਮਿਚ ਜਾਂਦੀਆਂ ਹਨ।

'ਕੀ ਕਰਦੈਂ ?'

ਮੇਲੂ ਭੜੱਕ ਦੇਣੇ ਅਖਾਂ ਖੋਲ੍ਹਦਾ ਹੈ। ਮੁੜ ਮੁੜ ਅੱਖਾਂ ਝਮਕਦਾ ਹੈ। ਉਹਦਾ ਚਿੱਤ ਨਹੀਂ ਮਨਦਾ ਕਿ ਇਹ ਓਹੋ ਜਿੰਦੀ ਹੈ ਜਿਹੜੀ ਨੇ ਅਕੇਰਾਂ ਛਿੱਤਰਾਂ ਨਾਲ ਉਹਦਾ ਤਾਲੂ ਗੰਜਾ ਕਰ ਦਿਤਾ ਸੀ !...ਪਰ ਜਦੋਂ ਸਾਵੀਂ ਸਾਹਮਣੇ ਖੜੋਤੀ ਹੈ ਉਹ ਮੰਨੇ ਕਿਵੇਂ ਨਾ ?—ਨਾਲੇ ਹੁਣ ਤਾਂ ਉਹ ਪੂਰੀ ਤਰ੍ਹਾਂ ਸੁਰਤ-ਸਿਰ ਹੈ।

'ਹੈਂ—ਹੈਂ ?'

ਉਹ ਮੂੰਹ ਅੱਡ ਕੇ ਥਥਲਾਂਦਾ ਹੈ।

'ਜੇ ਲੈ ਕੇ ਚਲਣੈਂ ਤਾਂ, ਅਜ ਲੈ ਚੱਲ......ਰਾਤ ਨੂੰ।'

'ਹੈਂ !......' ਮੇਲੂ ਮੁੜ ਮੁੜ ਅਖਾਂ ਝਮਕਦਾ, ਧੜਕਦੇ ਦਿਲ ਨਾਲ, ਡੌਰ-ਭੌਰਾ ਕਦੇ ਆਸੇ-ਪਾਸੇ ਪੈਲੀਆਂ ਵਲ ਤੇ ਕਦੇ ਮੁੜ ਮੁੜ ਜਿੰਦੀ ਦੇ ਭੂਕੇ ਚਿਹਰੇ ਵਲ ਝਾਕਦਾ ਹੈ। ਇਕ ਵਾਰੀ ਤਾਂ ਉਹਨੂੰ ਜਿੰਦੀ ਦੀ ਜਿਵੇਂ ਪੂਰੀ ਤਰ੍ਹਾਂ ਪਛਾਣ ਹੀ ਆਉਣੋਂ ਰਹਿ ਜਾਂਦੀ ਹੈ।

'ਚੰਗਾ ਮੈਂ, ਥੋਡੀ ਝੁਗੀ ਦੇ ਮਗਰਲੇ ਪਾਸੇ ਵਾਲੇ ਢਿੱਪ ਕੋਲੈ, ਓਦੋਂ ਆਉਂ ਜਦੋਂ ਚੰਦ, ਮਾਨਾਂ ਵਾਲੀ ਕਿਕਰ ਉਹਲੇ ਜਾਂਦਾ ਰਿਹਾ...ਓਥੇ ਬੈਠਾ ਹੋਈਂ।'

ਤੇ ਜਿੰਦੀ ਤੁਰ ਗਈ ਹੈ। ਉਹ ਮੂੰਹ ਅੱਡੀ ਉਸ ਵਲ ਵੇਖੀ ਜਾਂਦਾ ਹੈ। ਕੱਸੀ ਦੇ ਕੋਲ ਜਾ ਕੇ ਉਹ ਪਿਛਾਂਹ ਭੌਂ ਕੇ ਵਿਹੰਦੀ ਹੈ ਤੇ ਮੇਲੂ ਨੂੰ ਜਾਪਦਾ ਹੈ ਜਿਵੇਂ ਜਿੰਦੀ ਦਾ ਸਾਰਾ ਚਿਹਰਾ, ਉਹਦੇ ਵਾਲ ਤੇ ਉਹਦੇ ਕਪੜੇ ਸਿਉਨੇ ਦੇ ਹੁੰਦੇ ਹਨ।...ਫੇਰ ਉਹ ਸਿਰੋਂ ਚੁਨੀਂ ਸੂਤ ਕਰਦੀ, ਖੱਬੀ ਬਾਂਹ ਉਤੇ ਧਰੀਆਂ ਸਰ੍ਹੋਂ ਦੀਆਂ ਗੰਦਲਾਂ ਬੋਚਦੀ ਹੈ ਤੇ ਹਰਣੀ ਵਾਂਗ ਤ੍ਰਲਦੀ ਕੱਸੀ ਦੀ ਪਟੜੀਓਂ ਹੇਠ ਲਹਿ ਜਾਂਦੀ ਹੈ...ਅਲੋਪ ਹੋ ਜਾਂਦੀ ਹੈ।

ਚਮਤਕਾਰਾ !

...ਹੋਰ ਭਲਾਂ ਮੇਲੂ ਕੀ ਬੁਝੇ ? ਤੀਹਾਂ—ਪਤਾ ਨਹੀਂ ਪੈਂਤੀਆਂ ਦੀ, ਉਹਦੀ ਉਮਰ ਹੋ ਗਈ ਸੀ ਉਹਨੇ ਸਭ ਪਾਪੜ ਵੇਲ ਵੇਲ ਵੇਖ ਲਏ ਸਨ ਪਰ ਤੀਵੀਆਂ ਉਸ ਕੋਲੋਂ ਇਉਂ ਡਰਦੀਆਂ ਸਨ ਜਿਵੇਂ ਉਹ ਜਿੰਨ ਹੋਵੇ। ਵਿਆਹੀਆਂ; ਕੁਆਰੀਆਂ ਉਸ ਸਭ ਟੋਹ-ਟੋਹ ਵੇਖੀਆਂ, ਕੋਈ ਵੀ ਸੂਤ ਨਾ ਆਈ। ਕਈ ਛੁਲਾਕ ਤਾਂ ਲੱਡੂ-ਜਲੇਬੀਆਂ ਖਾ ਕੇ, ਸੂਟ ਤੇ ਤਿੱਲੇ ਵਾਲੀਆਂ ਜੁੱਤੀਆਂ ਉਹਤੋਂ ਮੰਗਾ ਕੇ, ਪਿਛੋਂ ਸੁੱਕਾ ਠੋਸਾ ਵੀ ਵਿਖਾ ਦਿੰਦੀਆਂ। ਮੇਲੂ ਨੂੰ ਗੁੱਸਾ ਤਾਂ ਬਥੇਰਾ ਆਉਂਦਾ ਪਰ ਕਰੇ ਕੀ ? ਸਰੀਰੋਂ ਵੱਜੋਵੱਤਾ, ਘਰੋਂ ਮਾੜਾ, ਸੁਭਾ ਦਾ 'ਨਮਰਦ'...ਕਿਸੇ ਨੂੰ ਕਾਹਦਾ ਦੋਸ਼; ਸਾਰੇ ਪਾਸਿਓਂ ਬੁੜਿਆਂ ਦੇ ਨੇੜੇ ਵੀ ਭਲਾ ਕਿਹੜੀ ਦੁਧ-ਪੁਤ ਵਾਲੀ ਲਗਦੀ ?

'ਵਾਹ ਓਇ ਦਾਤਿਆ ਤੇਰੀਆਂ ਕੁਦਰਤਾਂ !' ਮੇਲੂ ਨੇ ਖੱਬੀ ਵਰਾਛ ਉਤਾਂਹ ਚੜ੍ਹਾ ਕੇ ਆਪਣੀ ਨਾਹੋਂਖਾਵੀਂ ਸੱਜੀ ਅੱਖ ਹੋਰ ਮੀਚ ਲਈ ਤੇ ਮੋਢੇ ਉਤੋਂ ਸੋਟੀ ਲਾਹ ਕੇ ਸਰ ਦੇ ਬੂਝੇ ਵਿਚ ਪੋਲੀ ਜਿਹੀ ਮਾਰੀ। ਜਦੋਂ ਬੂਝੇ ਨਾਲੋਂ, ਧੂੜ ਉਤਾਂਹ ਉਡ ਕੇ ਉਹਦੇ ਸਿਰ ਨੂੰ ਚੜ੍ਹੀ ਤਾਂ ਮੇਲੂ ਨੇ ਸਾਫੇ ਦਾ ਲੜ ਨੱਕ ਅਗੇ ਦੇ ਲਿਆ।

'ਇਹਨਾਂ ਨੂੰ ਕਿਧਰ ਵਾੜੀ ਆਉਨਾ ਉਇ ਬਹੇੜਾ ? ਕੋਈ ਸੁਰਤ ਹੈ ਕਿ

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
1391 KINGSWAY, VANCOUVER, B.C.
PHONE: 873-4541 873-5631

*for Photography —*

PORTRAITS — WEDDINGS — COMMERCIAL

INDUSTRIAL — FASHION and

PASSPORTS

REMEMBER

# SANDEEP STUDIO

8157 MAIN STREET

— at —

MARINE DRIVE

TELEPHONE: 324-4727

WE DO DEVELOPING and PRINTING TOO!

ਸੰਦੀਪ ਸਟੂਡੀਓ

8157 ਮੇਨ ਸਟਰੀਟ
ਮਰੀਨ ਡਰਾਈਵ ਤੇ

ਫੋਨ :-324-4727

ਅਸੀ ਹਰ ਕਿਸਮ ਦੇ ਪੋਰਟਰੇਟ, ਪਾਸਪੋਰਟ ਫੋਟੋ ਤੇ
ਵਿਆਹ ਸ਼ਾਦੀਆਂ ਦੀਆਂ ਮੂਵੀਆਂ, ਆਵਾਜ਼ ਤੇ ਬੇ ਆਵਾਜ਼
ਤੇ ਫੋਟੋਆਂ ਖਿਚਣ ਦਾ ਕੰਮ ਕਰਦੇ ਹਾਂ।
ਅਸੀਂ ਫਿਲਮਾਂ ਦੀ ਡਵੈਲਪਿੰਗ ਤੇ ਪਰਿੰਟਿੰਗ ਵੀ ਕਰਦੇ ਹਾਂ।





*Mr. MARAYAN PRASAD*

WELCOMES YOU

AT

*Noda Fish. Market*

4583 KINGSWAY
BURNABY 1, B.C.

TEL: 434-2141

Where you can get fresh, frozen smoked & shell fish

Every type meat, lamb, beef, chicken etc.

**All East Indian Groceries**

ਜਿਥੇ ਤੁਹਾਨੂੰ ਬਕਰੇ ਦਾ ਮੀਟ (ਹਲਾਲ ਤੇ ਝਟਕਾ)
ਤੇ ਹੋਰ ਮੀਟ ਜਿਵੇਂ ਲੈਂਬ, ਮੁਰਗਾ ਤੇ ਬੀਫ਼ ਭਾਰਤੀ ਗਰੋਸਰੀ ਤੇ
ਹਰ ਕਿਸਮ ਦੀ ਮੱਛੀ ਬਾਜ਼ਾਰ ਨਾਲੋਂ ਬਹੁਤ ਸਸਤੀ ਮਿਲਦੀ ਹੈ।

ਹਮੇਸ਼ਾ ਯਾਦ ਰਖੋ

ਨੋਡਾ ਫਿਸ਼ ਮਾਰਕੀਟ

4583 ਕਿੰਗਸਵੇ

ਫੋਨ: -434-2141

ਬਰਨੇਬੀ -1

ਬੀ. ਸੀ.

ਨਹੀਂ ?'

ਮੇਲੂ ਨੇ ਉਤਾਂਹ ਸਿਰ ਚੁਕਿਆ, ਤਿੰਨ ਚਾਰ ਭੇਡਾਂ ਫੱਤੂ ਕੇ ਮਾਹੂ ਛੌਲਿਆਂ 'ਚ ਜਾ ਪਈਆਂ ਸਨ। ਮੇਲੂ ਫੂਭ ਮਾਰਦਾ ਭੇਡਾਂ ਨੂੰ ਮੋੜਨ ਲਈ ਅਗਾਂਹ ਹੋਇਆ ਪਰ ਜਿਵੇਂ ਅੱਗੇ ਸ਼ੂਟ ਵੱਟ ਕੇ ਭਜਦਾ ਹੁੰਦਾ ਸੀ, ਉਂਜ ਨਾ ਭੱਜਿਆ।

'ਹੈਸ਼ ! ਹੈ-ਸ਼, ਮੇਰੇ ਪੁੱਤਾਂ ਦੀਓ !..... ਕੋਈ ਨ੍ਹੀਂ ਤਾਇਆ ਅਜ ਦਾ ਦਿਨ ਈ ਐਂ ਬੱਸ......ਬੱਸ ਵਾਖਰੂ ਸੁੱਖ ਰਖੇ...ਬੱਸ ਹਰਖ ਨਾ ਮੇਰਾ ਤਾਊ...!'

'ਅੱਜ ਦਾ ਦਿਨ ਈ ਐਂ...ਤੇ ਕਲ੍ਹ ਨੂੰ ਕੀ ਬਸਰੇ ਉਠ-ਜੇਂਗਾ?' ਉਹਨੂੰ ਇਜ ਹੌਲੀ ਤੁਰਦਿਆਂ ਵੇਖ ਕੇ ਫੱਤੂ ਨੂੰ ਇਕ ਵਾਰੀ ਤਾਂ ਅੱਗ ਲਗ ਉਠੀ—ਭੇਡਾਂ ਵੱਡੇ ਵੱਡੇ ਬੁਰਕ ਮਾਰਦੀਆਂ ਕਈ ਬੂਟੇ ਮੁੱਛ ਗਈਆਂ ਸਨ—ਪਰ ਮੇਲੂ ਦੀ ਓਪਰੀ ਗੱਲ ਨਾਲ ਉਹਦਾ ਚੜ੍ਹਦਾ ਗੁੱਸਾ ਪਲ ਦਾ ਪਲ ਮੱਠਾ ਪੈ ਗਿਆ।

'ਕੱਲ...ਕੱਲ ਕੇ ਤਾਇਆ...ਮੈਂ ਤਾਂ ਕਹਿਨੈਂ ਕੋਈ ਪਤਾ ਲਗਦੈ ਬੰਦੇ ਦਾ—ਕਿਆ ਭਰਵਾਸਾ ਜ਼ਿੰਦੜੀ ਦਾ ਮੇਰੇ ਰਾਮ ਜੀਆ !'

ਗੁੱਸੇ ਦੀ ਥਾਂ ਫੱਤੂ ਦੀ ਮੱਲੋ-ਮੱਲੀ ਹਾਸੀ ਨਿਕਲ ਗਈ।

'ਬੇਬੇ ਦੇਣਾ, ਫੂੜਾ ਕਲੰਦਰੀ, ਕੇਰਾਂ ਈ ਡੇਰੇ ਆਲਾ ਚੇਤਨ ਦਾਸ ਬਣਿਆ ਫਿਰਦੈ।'

ਫੱਤੂ ਦੀ ਗੱਲ ਵਲ ਮੇਲੂ ਦਾ ਧਿਆਨ ਨਹੀਂ ਸੀ। ਉਹਨੇ ਭੇਡਾਂ ਮੋੜ ਕੇ ਪਹੀ ਪਾ ਲਈਆਂ ਤੇ ਕੰਨ ਤੇ ਹਥ ਧਰ ਕੇ ਉਚੀ ਟੇਕ ਨਾਲ ਕਲੀਆਂ ਲਾਉਣ ਲਗ ਪਿਆ।

'ਕੁੱਤੀ ਜਾਤ ਦਾ ਤੌੜੀਆਂ ਵੇਲੇ 'ਪੀਹਣਾ !' ਫੱਤੂ ਨੇ ਅਗਾਂਹ ਜਾ ਕੇ, ਹਸ-ਦਿਆਂ ਆਖਿਆ, 'ਵੇਲਾ ਵੇਖ ਭਾਲਿਆ ਕਲੀਆਂ ਲਾਉਣ ਦਾ।'

... ... ... ...

ਮੇਲੂ ਭੇਡਾਂ ਵਾਲੇ ਛੱਪਰ ਦੀ ਫਲ੍ਹੀ ਅੜਾ ਕੇ ਜਦੋਂ ਝੁੱਗੀ ਦੇ ਅੰਦਰ ਵੜਿਆ ਤਾਂ ਉਹਦਾ ਚਾਚਾ ਚੁਲ੍ਹੇ ਮੂਹਰੇ ਬੈਠਾ ਖੰਘੀ ਜਾਂਦਾ ਸੀ।

'ਕਿਆ ਹਾਲੇ-ਵਾਲੇ ਐ, ਚਾਚਾ ਜੀ, ਓਇ ?' ਮੇਲੂ ਨੇ ਸਿਰੋਂ ਪੱਗ ਲਾਹ ਕੇ 'ਸ਼ੂ-ਸ਼ੂ' ਕਰਦਿਆਂ ਘੱਟਾ ਝਾੜਿਆ ਤੇ ਖਵੇੜਾ ਜਿਹਾ ਮੂੰਹ ਕਰ ਕੇ ਹੱਸਣ ਲਗ ਪਿਆ।

ਮੇਲੂ ਦੇ ਚਾਚੇ ਨੇ ਹਰਾਨੀ ਨਾਲ ਉਹਦੇ ਮੂੰਹ ਵਲ ਵੇਖਿਆ ਤੇ ਜਦੋਂ ਉਹਦੀ ਖੰਘ ਟਿਕੀ ਤਾਂ ਉਹ ਹੌਲੀ ਦੇਣੇ ਬੋਲਿਆ, 'ਅੱਜ ਕਿਵੇਂ ਹੋਰੂੰ-ਤੋਰੂੰ ਜੇ ਹੋਇਆ ਫ਼ਿਰਦੈਂ, ਖੈਰ ਐ ?'

'ਹੋਰ ਕਿਆ !' ਮੇਲੂ ਨੇ ਗੜ੍ਹਕੇ ਨਾਲ, ਹੱਸ ਕੇ ਫੇਰ ਆਖਿਆ, 'ਕਬੀ, ਕਦੇ ਹਸਣ-ਖੇਡਣ ਈ ਹੋਣਾ ਚਾਹੀਏ ਚਾਚਾ ਸਿਆਂ !'

ਚਾਚਾ ਮੁਸਕੜੀਏਂ ਹੱਸ ਕੇ ਚੁਪ ਕਰ ਗਿਆ।

ਫੇਰ ਮੇਲੂ ਨੇ ਜਿੰਨੇ ਪਰੇਮ ਨਾਲ ਅਜ, ਤਲੋ-ਤਰੀ ਘਿਓ ਲਾ ਕੇ ਰੋਟੀਆਂ ਪਕਾਈਆਂ (ਉਂਜ ਤਾਂ ਉਹ 'ਮੰਨ' ਈ ਪਕਾਉਂਦਾ ਹੁੰਦਾ) ਇਹ ਵੇਖ ਕੇ ਤਾਂ ਉਹਦਾ ਚਾਚਾ ਬਾਗੋ-ਬਾਗ ਹੋ ਗਿਆ। ਪਰ ਚਿੱਤ ਵਿਚ ਸੋਚੀ ਜਾਏ, 'ਅਜ ਇਹਨੂੰ ਵਖਾਈ ਕੀ ਦਿੱਤੇ ?'

'ਜਦੋਂ ਬੁਰੇ ਵਖਾਈ ਦੇ ਜਾਣ ਚਾਚਾ ਸਿਆਂ, ਜਿੱਦੋਂ ਬੰਦਾ ਘਰ ਨੂੰ ਫੂਕਣ ਲਾ ਦਿੰਦੈ !—ਆਹ ਵੇਖ, ਤੇਰਾ...ਚਲਣ ਦੇ ਕੰਮ ਨੂੰ ਸਭ-ਕੁਝ ਈ... ਘਰ—ਫੂਕ ਤਮਾਸ਼ਾ, ਜੁਆਲੇ ਨੇ ਕਿਹੜਾ ਸ਼ਾਹ ਹੋ ਜਾਣੈਂ !' ਤੇ ਮੇਲੂ ਨੇ ਚਾਚੇ ਦੇ 'ਨਹੀਂ, ਨਹੀਂ' ਕਰਦਿਆਂ ਵੀ ਉਹਦੀ ਥਾਲ 'ਚ ਘਿਓ ਵਾਲੀ ਕੌਲੀ ਮੂਧਾ ਦਿੱਤੀ।

'ਗੱਲ ਕੋਈ ਜ਼ਰੂਰ ਸੀ !'

ਰੋਟੀ-ਟੁਕੋਂ ਵਿਹਲਾ ਹੋ ਕੇ ਮੇਲੂ ਨੇ ਚਾਚੇ ਦੀ ਜੁੱਲੀ ਝਾੜ ਕੇ ਵਿਛਾਈ, ਖੇਸ ਤੇ ਰਜਾਈ ਤਾੜੀ ਤੇ ਜੁੱਲੀ ਹੇਠ ਤੂੰਨ ਕੇ ਗੁਦ-ਗੁਦਾ ਸਰਾਹਣਾ ਬਣਾ ਦਿਤਾ। ਫੇਰ ਸਰ੍ਹਾਣੇ ਨੂੰ ਹੱਥਾਂ ਨਾਲ ਦਬ ਦਬ ਕੇ ਟੋਂਹਦਿਆਂ, ਵਰਾਛ ਫੜਾ ਕੇ ਬੋਲਿਆ, 'ਇਆਹਾ !--ਵੇਖੋ ਬਈ ਚਾਚਾ ਸਿਓਂ ਜੀ, ਕੈਸਾ ਨਰਮ-ਨਰਮ ਹੈ—ਬਣ ਗਿਆ ਕਿ ਨਹੀਂ ਬਿਸਤ ? ਹੁਣ ਕਰਾਂਗੇ ਇਸ ਪਰ, ਇਕ ਦੋ ਤੁਕਾਂ ਕੇ ਬਾਲੀ !'

ਚਾਚੇ ਨੂੰ ਅਜ ਉਮਰੋਂ ਸਾਹਿਬ ਵਰ੍ਹਿਆਂ ਪਿੱਛੋਂ ਇਹ ਮਖੌਲ ਕੀਤੇ ਸਨ। 'ਤੀਵੀਓਂ-ਸਖਣੀ' ਝੁੱਗੀ ਵਿਚ, ਉਹਦਾ ਆਉਤਰਾ ਚਾਚਾ ਜਦੋਂ ਸੋਚੇ ਕਿ ਪਿਛਲੇ ਸੱਤਾਂ ਵਰ੍ਹਿਆਂ ਤੋਂ ਕੱਟ ਰਿਹਾ ਸੀ ਉਹ 'ਮੌਤ ਦੇ ਦਿਨ ਨੇੜੇ ਲਗਨ' ਵਾਲੀ ਗੱਲ ਈ ਹੋ ਸਕਦੀ ਹੈ। ਉਹਨੂੰ ਪੰਦਰਾਂ ਵਰ੍ਹਿਆਂ ਦਾ ਦਮਾ ਸੀ, ਪਰ ਜਾਨ ਫੇਰ ਵੀ ਨਹੀਂ ਸੀ ਨਿਕਲਦੀ। ਸਾਰੀ ਰਾਤ ਖੰਘਦਾ ਰਹਿੰਦਾ। ਵਖੀਆਂ ਪਾਟੀਆਂ ਜਾਂਦੀਆਂ। ਸਾਰਾ ਸਰੀਰ ਭੁਖ ਨਾਲ ਬਲਣ ਲਗ ਪੈਂਦਾ। ਸਾਹ ਕਈ ਵਾਰ ਸੰਘ ਵਿਚੋਂ ਦੀ ਆਉਂਦਾ ਪਰ ਜਾਨ ਫੇਰ ਵੀ ਪਤਾ ਨਹੀਂ ਕਿਥੇ ਅੜੀ ਰਹਿੰਦੀ ?—ਉਹਦਾ ਕਈ ਵਾਰ ਖੂਹ ਵਿਚ ਛਾਲ ਮਾਰ ਕੇ ਮਰਨ ਨੂੰ ਵੀ ਜੀ ਕੀਤਾ ਸੀ। ਪਰ ਅਜ...ਅਜ ਵਾਂਗ ਤਾਂ ਉਹ, ਇਸ ਚੰਦਰੇ ਦਮੇ ਨਾਲ ਵੀ, ਏਨੀ ਉਮਰ ਹੋਰ ਜਿਉਂ ਸਕਦਾ ਸੀ। ਜੇ ਮੇਲੂ ਇਉਂ ਉਸ ਨਾਲ ਹੱਸਿਆ-ਖੇਡਿਆ ਕਰੇ ਤਾਂ...ਤੇ ਜੇ, ਕੋਈ ਤੀਵੀਂ ਆ ਜਾਏ, ਉਹਦੀ ਨੂੰਹ; ਫ਼ੇਰ ਤਾਂ ਬਸ ਸੁਰਗ ਈ ਸੀ...!

ਮੇਲੂ ਦੇ ਚਾਚੇ ਨੂੰ ਅਜ ਪੈਣ ਸਾਰ ਈ ਏਡੀ ਗੂਹੜੀ ਨੀਂਦ ਆਈ ਕਿ ਉਹਨੂੰ ਦੁਨੀਆਂ ਦੀ ਸੁਧ-ਬੁਧ ਈ ਭੁੱਲ ਗਈ। ਮੇਲੂ ਨਵੇਂ ਚੱਲੇ 'ਰਕਾਟਾਂ' ਦੇ ਗੀਤ ਗਾਉਂਦਾ ਭੇਡਾਂ ਵਾਲੇ ਛੱਪਰ ਹੇਠ ਜਾ ਵੜਿਆ। ਕੱਚੀਆਂ ਇੱਟਾਂ ਦੇ ਚੁੱਲ੍ਹੇ ਉਤੇ ਫੁੱਟਿਆ ਠੀਕਰਾ ਰਖ ਕੇ ਪਾਣੀ ਤੱਤਾ ਧਰ ਲਿਆ ਤੇ ਮੂਹਰੇ ਬਹਿ ਕੇ ਛਿਟੀਆਂ

IMPORTERS EXPORTERS WHOLESALERS RETAILERS
ROKKO SAREES & FABRICS
7-5.4-CHOME. ISOBE DORI. FUKIAI KU. KOBE. JAPAN
Phone: 251-6440

ਦਾ ਝੋਕਾ ਡਾਹੁਣ ਲੱਗ ਪਿਆ। ਆਪਣੀ ਹੀ ਮਸਤੀ ਵਿਚ ਉਹਨੂੰ ਪਤਾ ਨਹੀਂ ਲੱਗਿਆ ਕਿ ਪਾਣੀ ਕਦੋਂ ਉਬਲ ਉਬਲ ਕਮਲਾ ਹੋ ਗਿਆ। ਝੋਕਾ ਡਾਹੁੰਦਿਆਂ ਅੱਡੀਆਂ ਚੁਕ ਕੇ ਕਈ ਵਾਰ ਸਾਹਮਣੇ ਬੇਰੀਆਂ ਦੇ ਦਾਰਿਆਂ ਵਲ ਵੇਖ ਚੁਕਾ ਸੀ ਪਰ ਦੀਵਿਆਂ ਦੇ ਚਾਨਣ ਤੋਂ ਬਿਨਾਂ ਕੁਝ ਨਹੀਂ ਸੀ ਦਿਸਿਆ।

ਪਾਣੀ ਤੱਤਾ ਕਰਕੇ ਮੇਲੂ ਮਲ-ਮਲ ਨਹਾਤਾ। ਆਪਣੀ ਟਰੰਕੀ ਵਿਚੋਂ ਲਿਆ ਕੇ ਉਹਨੇ ਨੀਲੀ 'ਲੀਲਣ' ਦਾ ਨਵਾਂ ਚਾਦਰਾ ਤੇ ਕੁੜਤਾ ਪਾਇਆ। ਮਾਵਾ ਲੁਆ ਕੇ ਰਖੀ ਖੱਟੀ ਪੱਗ ਨੂੰ ਪੇਚ-ਪੇਚ ਬੰਨ੍ਹਿਆ; ਤੁੱਰਾ ਜੁਆਰਿਆ ਤੇ ਐਨ ਬਣ-ਠਣ ਕੇ—ਲਾੜਾ ਬਣ ਕੇ, ਆਪਣਾ 'ਜੁਆਨੀ ਵਾਰੇ ਦਾ ਸਾਥੀ', ਮੇਖਾਂ ਵਾਲਾ ਖੂੰਡਾ ਹੱਥ 'ਚ ਫੜ ਲਿਆ; ਤੇ ਤੁਰ ਪਿਆ। ਪਰ ਫਲ੍ਹੀ ਕੋਲੋਂ ਫੇਰ ਮੁੜ ਆਇਆ। ਛੱਪਰ ਹੇਠ ਆ ਕੇ ਆਪਣੀ ਰਜ਼ਾਈ ਝਾੜੀ ਤੇ ਬੁੱਝਦੀ ਅੱਗ ਦੇ ਚੰਗਿਆੜਿਆਂ ਦੇ ਚਾਨਣੇ ਉਹਨੂੰ ਦੋ ਰੇਸ਼ਮੀ ਲੀਰਾਂ ਲਿਸ਼ਕੰਦੀਆਂ ਦਿੱਸੀਆਂ। ਇਕ ਨੂੰ ਚੁੱਕ ਕੇ ਉਹਨੇ ਚੰਗੀ ਤਰ੍ਹਾਂ ਟੋਹਿਆ, ਤੇ ਜਦੋਂ ਖੜ-ਖੜ ਦੀ ਆਵਾਜ਼ ਚੰਗੀ ਤਰ੍ਹਾਂ ਸੁਣੀ ਤਾਂ ਉਹਨੂੰ ਚੌਰੀ, ਅਠੌਰੀ ਕਰਕੇ ਜੇਬ 'ਚ ਪਾ ਲਿਆ। ਦੂਜੀ ਲੀਰ ਦੀ ਪੱਗ ਉੱਤੋਂ ਦੀ ਢਾਠੀ ਬੰਨ੍ਹ ਲਈ। ਤੇ ਫੇਰ ਰਜਾਈ ਪੁਆਂਦੀ ਇਕੱਠੀ ਕਰ ਕੇ, ਜੁੱਲੀ ਉਤੇ ਜ਼ੋਰ ਜ਼ੋਰ ਦੀ ਦੋ ਤਿੰਨ ਧੱਫੇ ਮਾਰੇ। ਇਕ ਤਾਰ ਜਿਹੀ ਉਤਾਂਹ ਬੁੜ੍ਹਕੀ; ਮੇਲੂ ਨੇ ਚੁਕ ਲਈ। ਇਹ ਵੱਡਾ ਬਕਸੂਆ ਸੀ। ਬਕਸੂਆ ਤਸੱਲੀ ਨਾਲ ਜੇਬ ਨੂੰ ਲਾ ਕੇ ਖੂੰਡਾ ਚੁਕਿਆ ਤੇ ਫਲ੍ਹੀ ਵਲ ਤੁਰ ਪਿਆ। ਪਰ ਚਾਰ ਪਲਾਂਘਾਂ ਪੁੱਟ ਕੇ ਫੇਰ ਪਿਛਾਂਹ ਮੁੜ ਆਇਆ।

ਐਤਕੀਂ ਉਹਨੇ ਪਹਿਲਾਂ ਚੰਗੀ ਤਰ੍ਹਾਂ ਆਪਣੀ ਜੁੱਲੀ ਵਿਚ ਰਜਾਈ ਵਲ੍ਹੇਟੀ ਤੇ ਪੁਆਂਦੀ ਸਾਂਭ ਕੇ ਰਖ ਦਿਤੀ। ਫੇਰ ਪਾਲੇ ਨਾਲ ਕੁੰਗੜੀਆਂ ਝੁੱਗੀਆਂ ਵਲ ਨਿਗ੍ਹਾ ਮਾਰੀ ਤੇ, ਘੂਕ ਸੁੱਤੀ, ਸੁਕਦੀ, ਆਪਣੀ 'ਦਿਆਲੀ' ਉਤੇ ਕੱਠਾ ਹੋ ਗਿਆ। ਸੱਜਾ ਹੱਥ ਉਹਨੇ ਇੰਜ ਨੀਵਾਂ ਕੀਤਾ ਜਿਵੇਂ ਦਿਆਲੀ ਦਾ ਸਿਰ ਪਲੋਸਣ ਲੱਗਿਆ ਹੋਵੇ, ਪਰ ਵਿਚਾਲਿਓਂ ਹੀ ਮੋੜ ਲਿਆ। ਉਹਨੂੰ ਆਪਣੇ ਮਨ ਅੰਦਰ, ਕੰਡੇ ਵਾਂਗ ਕੁਝ ਸੁਲ੍ਹਕਦਾ ਜਾਪਿਆ ਤੇ ਭਉਂ ਕੇ ਚਾਚੇ ਦੀ ਝੁੱਗੀ ਵਲ ਆਹੁਲਿਆ। ਅੰਦਰ ਹਨੇਰ-ਗੁਬਾਰ ਸੀ। ਬੂਹੇ ਅਗੇ ਤਾਣੀ ਪੱਲੀ, ਹਵਾ ਨਾਲ ਹਿੱਲ ਰਹੀ ਸੀ। ਮੇਲੂ ਨੇ ਪੱਲੀ ਚੁਕ ਕੇ ਚੋਰਾਂ ਵਾਂਗ ਅੰਦਰ ਝਾਤ ਮਾਰੀ ਤੇ ਚਾਚੇ ਦੇ ਖਿਚਵੇਂ ਘੁਰਾੜੇ ਸੁਣ ਕੇ ਹੌਲੀ ਦੇਣੇ ਪਿਛਾਂਹ ਹਟ ਆਇਆ। ਪੱਲੀ ਨੂੰ ਦਰੁਸਤ ਕਰਕੇ ਉਹਦੇ ਹੇਠਲੇ ਪੱਲੇ ਉਤੇ, ਕੋਲ੍ਹਿਆਂ ਨਾਲ ਪਈਆਂ ਕੱਚੀਆਂ ਇੱਟਾਂ ਰਖ ਦਿਤੀਆਂ ਤੇ ਅੰਦਰ ਨੂੰ ਧੱਕ ਕੇ ਵੇਖਿਆ। ਪੱਲੀ ਠੀਕ ਸੀ। ਬਿੰਦ ਕੁ ਉਹ ਹੋਰ ਓਥੇ ਖੜੋਤਾ ਰਿਹਾ ਤੇ ਫੇਰ ਆਪਣੀ ਲੰਡੀ-ਚਾਲ ਤੁਰਦਾ ਫਲ੍ਹੀ ਲਾਹ ਕੇ ਬਾਹਰ ਨਿਕਲ ਗਿਆ।

ਦੱਖਣ ਵਾਲੇ ਪਾਸੇ ਮੇਲੂ ਨੂੰ ਕਾਲੇ ਬਾਲੇ ਢਿੱਪ, ਧੌਤੇ ਤੇ ਉਹਨਾਂ ਉਤੇ ਖੜੋਤੇ ਝਾੜ-ਮਲ੍ਹੇ, ਅਜ ਬਾਬੇ ਬਹਾਦਰ ਦੇ ਡੇਰੇ ਦੇ ਬਾਗ਼ ਵਰਗੇ ਲਗਦੇ ਸਨ—ਨਿੰਬੂ, ਅਮਰੂਦਾਂ, ਅਨਾਰਾਂ ਤੇ ਅੰਬਾਂ ਦੇ ਬੂਟਿਆਂ ਵਰਗੇ ਉਚੇ-ਨੀਵੇਂ ਤੇ ਮਹਿਕਦੇ! ਇਹਨਾਂ ਤੋਂ ਅਗਾਂਹ ਦੋ ਕੁ ਖੇਤਾਂ ਦੀ ਵਿੱਥ ਉੱਤੇ ਫਿਰਨੀ ਦੇ ਨਾਲ ਨਾਲ ਛੋਟੀਆਂ ਛੋਟੀਆਂ ਝਾੜੇ ਸਨ, ਜਿਥੇ ਹੁਣ ਤਕ ਸੁੰਨ-ਸਰਾਂ ਹੋ ਚੁਕੀ ਸੀ। ਇਹਨਾਂ ਦੇ ਚੜ੍ਹਦੇ ਪਾਸੇ, ਜਿੰਦੀ ਕਾ ਘਰ ਸੀ। ਉਥੇ ਅਜੇ ਦੀਵਾ ਜਗਦਾ ਸੀ। ਦੀਵੇ ਦਾ ਚਾਨਣ, ਮੇਲੂ ਨੂੰ ਜਾਪਿਆ ਜਿਵੇਂ, ਉਹਦੇ ਨਵੇਂ ਚਾਦਰੇ ਤੇ ਕੁੜਤੇ ਉੱਤੇ ਏਥੋਂ ਤਾਈਂ ਵੀ ਪੈਂਦਾ ਸੀ।

ਜਦੋਂ ਉਹ ਢਿੱਪਾਂ ਦੇ ਵਿਚਾਲੇ ਹੂੰਝੇ, ਲੁਕਵੇਂ ਥਾਂ ਜਾ ਕੇ ਬਿੱਲੀ ਵਾਂਗ ਛਹਿ ਕੇ ਜਾ ਬੈਠਾ, ਤਾਂ ਉਹਦਾ 'ਕਾਲਜਾ' ਫੜਕ ਫੜਕ ਵਜਣ ਲੱਗ ਪਿਆ। ਜਿੰਦੀ ਕੇ ਘਰ ਮਚਦਾ ਦੀਵਾ ਵੀ ਇਕ ਦਮ ਬੁਝ ਗਿਆ। ਖੂੰਡਾ ਭੁੰਜੇ ਰਖ ਕੇ ਉਹਨੇ ਹਥੇਲੀਆਂ ਨਾਲ, ਪਹਿਲਾਂ ਅੱਖਾਂ ਮਲੀਆਂ ਤੇ ਜ਼ੋਰ ਜ਼ੋਰ ਨਾਲ ਝਮਕਦਿਆਂ ਮੁੜ ਜਿੰਦੀ ਕੇ ਘਰ ਵਲ ਝਾਕਣ ਲਗ ਪਿਆ। ਦੀਵਾ ਫੇਰ ਜਗ ਪਿਆ ਸੀ, ਪਰ ਉਹਦਾ ਚਾਨਣ ਅੱਗੇ ਜਿੰਨਾ ਤੇਜ਼ ਨਹੀਂ ਸੀ—ਮੇਲੂ ਦੇ ਛੋਵੇ ਤੇ ਕੁੜਤੇ ਉਤੇ ਨਹੀਂ ਸੀ ਪੈਂਦਾ। ਉਹ ਕਿੰਨਾ ਚਿਰ ਅੱਖਾਂ ਗੱਡੀ ਉਧਰ ਵਿੰਹਦਾ ਰਿਹਾ। ਹੌਲੀ ਹੌਲੀ ਦੀਵੇ ਦਾ ਚਾਨਣ ਤੇਜ਼ ਹੁੰਦਾ ਗਿਆ......ਜਿੰਦੀ ਕੋਠੜੀ ਦੇ ਅੰਦਰੋਂ ਨਿਕਲ ਕੇ, ਕੰਧੋਲੀ ਕੋਲੋਂ ਦੀ ਏਧਰ ਨੂੰ ਆ ਰਹੀ ਸੀ—ਮੇਲੂ ਵਲ......

ਮੇਲੂ ਤ੍ਰਬਕਿਆ ਤੇ ਚਾਨਮਾਰੀ ਕਰਨ ਵਾਲਿਆਂ ਵਾਂਗ ਗੋਡਣੀਏਂ ਹੋ ਕੇ ਬਹਿ ਗਿਆ।

'ਚਿਰੂ ਚਿਰ ਚਿਰੂ, 'ਚ 'ਚ, ਚ੍ਰੀ ਚ੍ਰੀ...'

ਮੇਲੂ ਥਚੂਕਾ ਮਾਰ ਕੇ ਇੰਜ ਉਠ ਖੜੋਤਾ ਜਿਵੇਂ ਉਹਦੇ ਠੂਹਾਂ ਲੜਿਆ ਹੋਵੇ। ਪਿਛਾਂਹ ਭਉਂ ਕੇ ਵੇਖਿਆ ਕਿਕਰ ਉਤੇ ਕੋਚਰੀ ਬੋਲਦੀ ਸੀ।

'ਹੱਤ, ਮੇਰੇ ਸਾਲਿਆਂ ਦੀ!' ਉਹਨੇ ਗੁੱਸੇ ਨਾਲ ਆਖਿਆ ਤੇ ਛੇਤੀ ਦੇਣੇ ਫੇਰ ਬਹਿ ਕੇ ਜਿੰਦੀ ਕੇ ਘਰ ਵਲ ਨਿਗ੍ਹਾ ਕਰ ਲਈ।

ਦੀਵਾ ਫੇਰ ਬੁਝ ਗਿਆ ਸੀ। ਫਿਰਨੀਓਂ ਉਰੇ ਕੋਈ ਬੰਦਾ ਨਹੀਂ ਸੀ ਦਿਸਦਾ। ਨਰਮੇ ਦੇ ਵੱਢਾਂ ਦੇ ਅਗਲੇ ਪਾਸੇ ਗੱਡਿਆ ਅਰਲਾਖੋਟ, ਮੋਲੇ ਦੇ ਸਿੰਗਾਂ ਵਾਂਗ ਲਗਦਾ ਸੀ। ਪਰ ਚਾਣਚਕ ਹੀ ਉਹਨੂੰ ਖਾਲ ਦੇ ਨਾਲ ਨਾਲ ਕਿਸੇ ਦੀ ਪੈੜ-ਚਾਲ ਸੁਣੀ ਤੇ ਬੰਦੇ ਦਾ ਪਰਛਾਵਾਂ ਜਿਹਾ ਵੀ ਹਿਲਦਾ ਵੇਖਿਆ।

'ਘੁ ਘੂ-ਘੁ-ਘੂ-ਘੁ—'

ਢਿੱਪ ਦੇ ਐਨ ਮਗਰਲੇ ਪਾਸਿਓਂ, ਇਕ ਡਰਾਉਣੀ ਜਿਹੀ ਆਵਾਜ਼ ਆਈ ਤੇ ਮੇਲੂ ਤ੍ਰਬਕ ਕੇ ਫੇਰ ਉਠ ਖਲੋਤਾ। ਆਸੇ ਪਾਸੇ ਵੇਖਿਆ ਕੁਝ ਨਹੀਂ ਸੀ। ਉਹ ਓਵੇਂ ਬਹਿ ਕੇ ਫੇਰ ਖਾਲ ਦੀ ਵੱਟ ਵਲ ਝਾਕਣ ਲਗ ਪਿਆ; ਪਰ ਦਿਲ ਧੌਂਕਣੀ ਵਾਂਗ ਵੱਜ ਰਿਹਾ ਸੀ। ਸਾਹ ਇੰਜ ਚੜ੍ਹਿਆ ਹੋਇਆ ਸੀ ਜਿਵੇਂ ਦੋ ਕੋਹ ਭੱਜ ਕੇ ਆਇਆ ਹੋਵੇ। ਖਾਲ ਦੀ ਵੱਟ ਦੇ ਨਾਲ ਸੱਚੀਂ ਕੋਈ ਤੁਰਿਆ ਆਉਂਦਾ ਦਿਸਦਾ

MOVIES · FOREIGN EXCHANGE · CONCERT
SIHOTA DISTRIBUTORS
1391 KINGSWAY, VANCOUVER, B.C.
PHONE: 873-4541 873-5631
MANAGER KARTAR SINGH AHLUWALIA

ਸੀ...ਸਿਰ ਉਤੇ...ਸਿਰ ਉਤੇ ਚੁੰਨੀ ਸੀ—ਸ਼ਾਇਦ ਖੇਸੀ ਦਾ ਮੜਾਸਾ ਮਾਰਿਆ ਹੋਇਆ...ਐਨ ਮੇਲੂ ਵਲ ਸੇਧ ਕੀਤੀ ਹੋਈ ਸੀ...

'ਭੂਈ, ਭੂਈ, ਭੂ-ਭੂ .....'

'ਹਿ ਮੇਰੇ ਪਤਿਉਰਿਆਂ ਦੀਏ !' ਮੇਲੂ ਨੇ ਦੰਦ ਪੀਹ ਕੇ ਖੂੰਡਾ ਨਾਲ ਦੇ ਮਲ੍ਹੇ ਵਿਚ ਮਾਰਿਆ। ਤਿੰਨ ਚਾਰ ਮੂਸੀਆਂ ਮਲ੍ਹੇ 'ਚੋਂ ਨਿਕਲ ਕੇ ਏਧਰ ਓਧਰ ਭੱਜ ਗਈਆਂ।

ਪਰ ਜਦੋਂ ਉਹਨ ਫੇਰ ਖਾਲ ਵਲ ਵੇਖਿਆ ਤਾਂ ਓਥੇ ਕੁਝ ਵੀ ਨਾ ਦਿਸਿਆ—ਨਾ ਕੁਈ ਬੰਦਾ, ਨਾ ਬੰਦੇ ਦਾ ਪਰਛਾਵਾਂ। ਕਿੰਨਾ ਚਿਰ ਉਹ ਅੱਖਾਂ ਪਾੜ ਪਾੜ ਧਿਆਨ ਨਾਲ ਫਿਰਨੀ ਤਾਈਂ ਚੱਪਾ ਚੱਪਾ ਥਾਂ ਨੂੰ ਵਿੰਹਦਾ ਰਿਹਾ, ਪਰ ਕਿਤੇ ਕੁਝ ਨਾ ਦਿਸਿਆ।

ਮੇਲੂ ਦਾ ਦਿਲ ਫੇਰ ਧੜਕਣ ਲਗ ਪਿਆ। ਉਹ ਸੂਤ ਹੋ ਕੇ ਕੁਲ੍ਹਿਆਂ-ਭਾਰ ਬਹਿ ਗਿਆ ਤੇ ਨੀਵੀਂ ਪਾ ਕੇ ਖੂੰਡੇ ਦੀ ਘੋਪ ਨਾਲ ਛਿੱਪ ਦਾ ਰੇਤਾ ਖੁਰਲਣ ਲਗ ਪਿਆ। ਚਿੰਦ ਕੁ ਪਿਛੋਂ ਜਦੋਂ ਉਹਨੂੰ ਆਪਣਾ ਚਿੱਤ ਕੁਝ ਟਿਕਾਣੇ ਹੋਇਆ ਜਾਪਿਆ ਤਾਂ ਪਹਿਲਾਂ ਉਹਨੇ ਉਤਾਂਹ ਅਸਮਾਨ ਵਲ ਵੇਖਿਆ; ਤੇ ਵੇਖ ਕੇ ਬੜਾ ਹੈਰਾਨ ਹੋਇਆ ਕਿ ਰਾਤ ਚੰਦ-ਚਾਨਣੀ ਸੀ। ਚੰਦ ਅਜੇ ਚੰਗੀ ਤਰਾਂ ਢਲਿਆ ਨਹੀਂ ਸੀ, ਪਰ ਮਾਨਾਂ ਵਾਲੀ ਕਿਕਰ ਦੀ ਟੀਸੀ ਨਾਲ ਜਾ ਲਗਿਆ ਸੀ।

ਤੇ ਓਸੇ ਵੇਲੇ ਮੇਲੂ ਨੂੰ ਜਿੰਦੀ ਦਾ ਇਕਰਾਰ ਯਾਦ ਆ ਗਿਆ! ਉਹ ਪਹਿਲਾਂ ਵਾਂਗ ਫੇਰ ਗੋਡਿਆਂ-ਭਾਰ ਹੋ ਕੇ ਬਹਿ ਗਿਆ ਤੇ ਅੱਖਾਂ ਤਮਕ ਕੇ ਜਿੰਦੀ ਦੇ ਘਰ ਵਲ ਝਾਕਣ ਲਗ ਪਿਆ। ਹੁਣ ਦੀਵਾ ਫੇਰ ਬਲੀ ਜਾਂਦਾ ਸੀ। ਇਕ ਸੁਕੜੂ ਜਿਹਾ ਬੰਦਾ—ਜਿੰਦੀ ਦਾ ਪਿਓ ਸੀ ਸ਼ਾਇਦ, ਇਕ ਵਾਰ ਬਾਹਰ ਨਿਕਲਿਆ ਤੇ ਕੰਧੋਲੀ ਦੇ ਨਾਲ ਆ ਬੈਠਾ। ਕਿੰਨਾ ਚਿਰ ਓਥੇ ਹੀ ਬੈਠਾ ਖੰਘਦਾ ਰਿਹਾ। ਫੇਰ ਉਠ ਕੇ ਅੰਦਰ ਜਾ ਵੜਿਆ ਤੇ ਵੜਨ ਸਾਰ ਉਸ ਕੋਠੜੀ ਦਾ ਬੂਹਾ ਬੰਦ ਕਰ ਲਿਆ। ਦੀਵਾ ਫੇਰ ਬੁਝ ਗਿਆ।

'ਟ੍ਰੀਂ—, ਟ੍ਰਿਕ, ਟ੍ਰੀਂ—ਟ੍ਰਿਕ, ਟ੍ਰੀਂ—ਟ੍ਰਿਕ, ਟ੍ਰੀਂ—ਟ੍ਰੀਂ—ਟ੍ਰੀਂ—ਟ੍ਰਿਕ....!'

ਛਿੱਪਾਂ ਉਤੋਂ ਦੀ ਇਕ ਹੋਰ ਟਟੀਹਰੀ ਉਡਦੀ ਲੰਘੀ ਤੇ ਮੇਲੂ ਉਤਾਂਹ ਤਾਕਣ ਲਗ ਪਿਆ। ਪਰ ਦਿੱਸੀ ਕਿਤੇ ਨਾ। ਹੌਲੀ ਹੌਲੀ ਉਹਦੀ ਆਵਾਜ਼ ਮੱਧਮ ਪੈਂਦੀ ਪੈਂਦੀ ਧੁੰਧ ਵਿਚ ਗੁੰਮ ਗਈ ਤੇ ਚਾਰ ਚੁਫੇਰੇ ਓਹੋ ਸੁੰਨ-ਸਰਾਂ ਹੋ ਗਈ। ਬਿੰਡੇ ਤੇ ਟਿਡੀਆਂ ਦੀਆਂ ਏਨ੍ਹਾਂ ਅਵਾਜ਼ਾਂ ਨਾਲ ਰਾਤ ਦੀ ਚੁਪ ਏਡੀ ਭਿਆਨਕ ਲਗਦੀ ਸੀ ਕਿ ਮੇਲੂ ਨੂੰ ਸਚੀ ਹੀ ਡਰ ਲਗਣ ਲਗ ਪਿਆ। ਖੂੰਡੇ ਦੇ ਕੂੰਡ ਨੂੰ ਮੁਠੀਆਂ ਵਿਚ ਘੁਟ ਕੇ ਉਹਨੇ ਹਿੱਕ ਵਿਚ ਦੇ ਲਿਆ ਤੇ ਮੁਠੀਆਂ ਉਤੇ ਠੋਡੀ ਧਰ ਕੇ, ਸਰੀਰ ਦਾ ਭਾਰ ਖੂੰਡੇ ਉਤੇ ਪਾਉਂਦਾ, ਬੈਠਾ ਬੈਠਾ ਅਗਾਂਹ ਉਲਰ ਗਿਆ। ਅੱਖਾਂ

FOR

LIFE INSURANCE

EDUCATION PLAN

MORTGAGE PLAN

Retirement registered Saving Plan
and all other kinds of insurance

Contact

DALJIT SANDHU

Office 685-7231

Residence 278-0491



ਦਲਜੀਤ ਸੰਧੂ

National Life of Canada

Suite 501, 1155—West Pender Street
Vancouver, B.C. Phone: 685-7231

IMPORTERS EXPORTERS WHOLESALERS RETAILERS

ROKKO SAREES & FABRICS

OWNED AND OPERATED BY B.S. KHURANA AND SONS AND GRANDSONS

6201 FRASER ST., (At 46th Ave.)
VANCOUVER-15, B.C., CANADA.

PHONE:
327-3033

# ਹਿਮਾਲੀਆ ਰੈਸਟੋਰੈਂਟ

## 2313 ਮੇਨ ਸਟਰੀਟ

## ਫੋਨ 876-2911

ਜਿਥੇ ਤੁਹਾਨੂੰ ਲੈਂਬ ਕਰੀ, ਬੀਫ ਕਰੀ,
ਪਰਾਨ ਕਰੀ, ਬੱਕਰੇ ਦਾ ਸਪੈਸ਼ਲ ਮੀਟ,
ਸਬਜੀਆਂ, ਸੋਮੋਸੇ, ਪੂਰੀ ਛੋਲੇ ਲੱਸੀ
ਦਹੀਂ, ਗੁਲਾਬ ਜਾਮਨ, ਬਰਫੀ, ਬੇਸਣ
ਤੇ ਗਜਰੇਲਾ ਹਰ ਵਕਤ ਤਿਆਰ
ਮਿਲਦਾ ਹੈ

ਮਾਲਕ
ਕਰਨੈਲ ਮੇਰਕ

ਜਿਹੜੇ ਭਾਰਤੀ ਖਾਣਿਆਂ ਦੇ ਮਾਹਰ ਹਨ

**HIMALAYA RESTAURANT**

2313 Main Street,

PH. 876-2911



## Buying, selling, trading or apprising

* Homes new or old
* Commercial properties or sites
* Apartment blocks
* Farms or acrage or any other real estate need.

Please contact without any obligation



# ਅਜਾਇਬ ਜੰਡਾ

## AJAIB S JANDA

**RES. 434-4660** **OFF. 321-6881**
**434-2393**

Top salesman in Cambie office and member of the Diamond Club.

of

BB BLOCK BROS. REALTY LTD.

ਇੰਜ ਆਪੇ ਹੀ ਮਿਚਣ ਲਗ ਪਈਆਂ ਜਿਵੇਂ ਉਸਨੇ ਸੁੱਖਾ ਪੀਤਾ ਹੋਇਆ ਹੋਵੇ।

...ਜਿੰਦੀ ਉਹਦੇ ਨਾਲ ਲਗ ਕੇ ਆ ਬੈਠੀ...ਉਹਦਾ ਸਾਰਾ ਸਰੀਰ ਨਿਘਾ ਨਿਘਾ ਹੋ ਗਿਆ...ਖੂੰਡਾ ਸੁਟ ਕੇ ਉਹਨੇ ਜਿੰਦੀ ਨੂੰ ਹਿੱਕ ਠਾਲ ਘੁਟ ਲਿਆ ਤੇ ਸਾਰੇ ਜ਼ੋਰ ਨਾਲ ਉਹਦੀ ਗਲ੍ਹ ਉਤੇ ਦੰਦੀ ਵਢ ਖਾਧੀ...!

'ਹੱਪ !' ਕਟਦਿਆਂ ਮੇਲੂ ਜਦੋਂ ਉਤਾਂਹ ਬੜ੍ਹਕਿਆ ਤਾਂ ਸਾਹਮਣੇ ਮੂੰਹ-ਭਾਰ ਜਾ ਡਿਗਿਆ—ਖੂੰਡਾ ਠੋਡੀ ਹੇਠੋਂ ਨਿਕਲ ਕੇ ਪਾਸੇ ਡਿਗ ਪਿਆ ਸੀ।

ਕੁਝ ਚਿਰ ਪਿਛੋਂ ਜਦੋਂ ਉਹਨੂੰ ਪੂਰੀ ਸੁਰਤ ਆਈ ਤਾਂ ਜਾਪਿਆ ਜਿਵੇਂ ਉਹਦਾ ਸਾਰਾ ਪਿੰਡਾ ਪਾਣੀ ਨਾਲ ਭਿਜਿਆ ਹੋਇਆ ਹੋਵੇ। ਦੋਹਾਂ ਪਾਸਿਆਂ ਦੀਆਂ ਪਸਲੀਆਂ ਹਨੇਰੀ ਵਿਚ ਹਿਲਦੇ ਫਿੜਕੇ ਵਾਂਗ ਵੱਜ ਰਹੀਆਂ ਸਨ। ਅਖਾਂ ਵਿਚ ਰੜਕ ਪੈ ਰਹੀ ਸੀ—ਤੇ ਉਹਦਾ ਚਿਤ ਬੜਾ ਘਬਰਾਇਆ ਹੋਇਆ ਸੀ।

ਕੁਲ੍ਹਿਆਂ ਭਾਰ ਬਹਿ ਕੇ ਮੇਲੂ ਨੇ ਗੋਡੇ ਹਿੱਕ ਵਿਚ ਦੇ ਲਏ ਤੇ ਉਤੋਂ ਦੀ ਕੈਂਘੀ ਪਾ ਲਈ। ਸੱਜੇ ਪਾਸੇ ਸਿਰ ਭੁਆਇਆ, ਚੰਦ ਮਾਮਾ ਦੀ ਕਿਕਰ ਦੇ ਹੇਠ ਲਹਿ ਕੇ, ਲਾਲ-ਸੂਹਾ ਹੋਇਆ, ਕਣਕਾਂ ਦੇ ਚਿਆੜਿਆਂ ਦੇ ਨਾਲ ਜਾ ਲਗਿਆ ਸੀ। ਵੇਖਣ ਸਾਰ ਮੇਲੂ ਇਕ ਦਮ ਸੁਚੇਤ ਹੋ ਗਿਆ। ਉਠ ਕੇ ਉਹਨੇ ਆਪਣਾ ਭੇਵਾਂ ਤੇ ਕੁੜਤਾ ਝਾੜਿਆ, ਰੇਸ਼ਮੀ ਦਾੜ੍ਹੀ ਸੂਤ ਕੀਤੀ, ਪੱਗ ਦੇ ਟੋਰੇ ਟੋਹੇ ਤੇ ਖੂੰਡਾ ਚੁੱਕ ਕੇ ਇੰਜ ਤਿਆਰ ਹੋ ਖੜੋਤਾ ਜਿਵੇਂ 'ਰਾਹ' ਪੈਣ ਲਗਿਆ ਹੋਵੇ। ਪਰ ਖੜੋਤਿਆਂ ਖੜੋਤਿਆਂ ਈ ਜਿੰਦੀ ਦੇ ਘਰ ਵਲ ਝਾਕਦਾ ਰਿਹਾ ਤੇ ਪਲ ਕੁ ਪਿਛੋਂ ਨਿਢਾਲ ਜਿਹਾ ਹੋ ਕੇ ਫੇਰ ਉਥੇ ਈ ਬਹਿ ਗਿਆ। ਪਲ ਦਾ ਪਲ ਉਹਦੀਆਂ ਅੱਖਾਂ ਨੇ ਢਿੱਪਾਂ ਦੇ ਮਲ੍ਹਿਆਂ ਦੇ ਪੱਤਿਆਂ ਤੋਂ ਲੈ ਕੇ ਜਿੰਦੀ ਦੇ ਘਰ ਦੀ ਕੰਧੋਲੀ ਕੋਲ ਖਿਲਰੇ ਰੋੜਿਆਂ ਤਕ, ਬਰੀਕੀ ਨਾਲ ਹਰ ਸ਼ੈ ਵੇਖੀ, ਪਰ ਫੇਰ ਆਪੇ ਹੀ ਨਿਗ੍ਹਾ ਮਧਮ ਪੈਣ ਲਗ ਪਈ। ਅਖਾਂ ਮੁੜ ਮਿਚਣ ਲਗ ਪਈਆਂ। ਗੋਡਿਆਂ ਨੂੰ ਹਥਾਂ ਦੀ ਕੈਂਘੀ ਪਾ ਕੇ ਉਹਨੇ ਪਿਛਲੇ ਪਾਸੇ, ਢਿੱਪੇ ਥਾਂ ਢੋ ਲਾ ਲਈ ਤੇ ਫਗਣ ਦੀ ਠੰਢ ਨਾਲ ਠਰੇ ਰੇਤੇ ਉਤੇ ਸੁਆਦ ਨਾਲ ਲਿਟ ਗਿਆ...

'ਕੁਕੜੂੰ—ਘੜੂੰ......'

ਮੇਲੂ ਨੂੰ ਲਗਿਆ ਉਹਦੇ ਐਨ ਕੰਨ ਕੋਲ ਈ ਆ ਕੇ ਕੁਕੜ ਨੇ ਬਾਂਗ ਦਿਤੀ ਸੀ। ਜਦੋਂ ਅਖਾਂ ਝਮਕਾ ਕੇ ਤੇ ਜ਼ੋਰ ਲਾ ਕੇ ਖੋਲ੍ਹਦਿਆਂ ਉਹਨੇ ਆਸੇ ਪਾਸੇ ਵੇਖਿਆ ਤਾਂ ਕੁਝ ਵੀ ਨਾ ਦਿਸਿਆ—ਬਸ ਨਿਰਾ ਹਨੇਰ-ਗੁਬਾਰ! ਨਾਂ ਕਿਧਰੇ ਚੰਦ ਸੀ, ਨਾ ਕੋਈ ਦੀਵਾ ਮਚਦਾ ਸੀ। ਉਹ ਫੇਰ ਨਿਢਾਲ ਜਿਹਾ ਹੋ ਕੇ ਪਿਛਾਂਹ ਨੂੰ ਉਲਰ ਗਿਆ।

'ਹੈਂ ? ਹਾਂ !' ਮੇਲੂ ਨੂੰ ਆਪਣੇ ਮੂੰਹੋਂ ਨਿਕਲਦੀ ਇਹ ਉਚੀ ਵਾਜ ਸਾਫ਼ ਸੁਣਾਈ ਦਿਤੀ ਤੇ ਉਹ ਉਠ ਕੇ ਬਹਿ ਗਿਆ।

'ਹੈਂ !......ਹਾਂ !' ਜਿੰਦੀ ਈ ਸੀ। ਮੂੰਹ-ਸਿਰ ਖੇਸੀ ਵਿਚ ਲਪੇਟਿਆ ਹੋਇਆ, ਕੱਛ ਇਕ ਨਿੱਕੀ ਜਿਹੀ ਪੋਟਲੀ—ਉਹਦੀਆਂ ਅੱਖਾਂ ਦੇ ਸਾਹਮਣੇ, 'ਸਾਮਰਤੱਖ' ਖੜੋਤੀ ਸੀ।

'ਚੱਲ ਹੁਣ ਉਠ, ਛੇਤੀ ਕਰ।'

ਜਿੰਦੀ ਦੇ ਬੋਲ ਵਿਚ, ਡਰ ਤੇ ਕਾਹਲ ਸੀ।

'ਕੀ ?' ਮੇਲੂ ਘੱਗੀ, ਢਿਲੀ ਆਵਾਜ਼ ਨਾਲ ਕਹਿੰਦਿਆਂ ਡੋਰ-ਭੋਰਾ ਉਹਦੇ ਵਲ ਝਾਕਿਆ।

'ਕੀ-ਕੀ, ਕੀ ਕਰਦੈਂ, ਉਠ ਕੇ ਤੁਰਨ ਦੀ ਗੱਲ ਕਰ। ਲੋਹੀ ਪਾਟੀ ਪਈ ਐ।'

ਮੇਲੂ ਨੇ ਸਿਰ ਭੁਆ ਕੇ ਖਬੇ ਪਾਸੇ ਵੇਖਿਆ, ਢਿੱਪਾਂ ਦੇ ਪਰਲੇ ਪਾਸੇ, ਦੀਵੇ ਵਰਗਾ ਚਾਨਣ ਸੀ। ਉਹਨੇ ਡੂੰਘਾ ਸਾਹ ਖਿਚਿਆ, ਤੇ ਪਿਛਾਂਹ ਨੂੰ ਉਲਰ ਕੇ ਢਿੱਪ ਦੇ ਠਰੇ ਰੇਤੇ ਨਾਲ ਢੋ ਲਾ ਕੇ ਫੇਰ ਇੰਜ ਆਰਾਮ ਨਾਲ ਪੈ ਗਿਆ ਜਿਵੇਂ ਕੱਚੀ-ਨੀਂਦੋਂ ਉਠਿਆ ਨਿਆਣਾ, ਮੁੜ ਸੌਣ ਲਗਿਆ ਹੋਵੇ।

'ਹੈਂ ! ਤੈਨੂੰ ਸੁਰਤ ਹੈ ਕੁਸ਼ ?' ਜਿੰਦੀ ਦਾ ਬੋਲ ਕੰਬ ਰਿਹਾ ਸੀ, 'ਚਲਣ ਦੀ ਸਲਾਹ ਹੈ ਕਿ ਨਹੀਂ ?'

'ਵੇਖੀ ਜਾਊ !' ਮੇਲੂ ਨੇ ਹੋਲੀ ਦੇਣੇ ਆਖਿਆ ਤੇ ਹਿੱਕ ਉਤੇ ਬਾਹਾਂ ਦੀ ਬਲਾਗੜੀ ਪਾ ਕੇ ਇਉਂ ਅਹਿੱਲ ਪਿਆ ਰਿਹਾ ਜਿਵੇਂ ਗੂੜ੍ਹੀ ਨੀਂਦ ਸੁਤਾ ਹੋਇਆ ਹੋਵੇ।

ਜਦੋਂ ਉਹ ਫੇਰ ਭੜੱਕ ਕੇ ਉਠਿਆ ਤਾਂ ਖਬੇ ਪਾਸੇ ਖਾਸਾ ਚਾਨਣ ਹੋਇਆ ਹੋਇਆ ਸੀ। ਉਹਨੇ ਅੱਖਾਂ ਮਲਦਿਆਂ ਖੂੰਡਾ ਚੁਕਿਆ ਤੇ ਛੇਤੀ ਦੇਣੇ ਉਠ ਖੜੋਤਾ। ਤੁਰਨ ਲਗਿਆਂ, ਜ਼ਨਾਨੀ ਜੁੱਤੀ ਦੀਆਂ ਪੈੜਾਂ ਵੇਖ ਕੇ ਇਕ ਵਾਰ ਜਿਵੇਂ ਉਹ ਤ੍ਰਹਿ ਗਿਆ ਤੇ ਬਿੰਦ ਦਾ ਬਿੰਦ ਓਥੇ ਖੜੋਤਾ ਪੈੜਾਂ ਵਲ ਵਿੰਹਦਾ ਰਿਹਾ। ਸਿਰ ਨੀਵਾਂ ਪਾਈਂ, ਆਪਣੀ 'ਚਾਰ-ਕੂਟ ਤੇ ਨਿਆਰੀ', ਪਿੰਡੋਂ ਬਾਹਰਵਾਰ ਨਿਰਾਲੀ ਝੁੱਗੀ ਵਲ ਤੁਰਿਆਂ ਆਉਂਦਿਆਂ ਓਹਨੂੰ ਜਾਪਿਆ ਜਿਵੇਂ ਉਹ ਬੰਦਾ ਨਹੀਂ 'ਕੁਝ ਹੋਰ' ਈ 'ਸ਼ੈ' ਹੋਵੇ। ਤੇ ਝਾੜਿਆਂ ਦੀ ਕੰਡਿਆਲੀ ਫਲ੍ਹੀ ਲਾਹ ਕੇ ਜਦੋਂ ਉਹ 'ਤੀਵੀਓਂ-ਸਖਣੀ' ਝੁੱਗੀ ਵਲ ਆਹੁਲਿਆ ਤਾਂ ਉਹਦਾ 'ਦਮੇ ਦਾ ਮਾਰਿਆ' ਚਾਚਾ 'ਖਹੂੰ-ਖਹੂੰ' ਕਰਦਾ, ਕਦੋਂ ਦਾ ਰਾਹ ਉਡੀਕੀ ਜਾ ਰਿਹਾ ਸੀ।

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
1391 KINGSWAY,
VANCOUVER, B.C.
PHONE:
873-4541
873-5631

THERE'S LIFE AT MARS

## MARS REALTY LTD.

5467 VICTORIA DR., VANCOUVER, B.C.

327-8315



ਹਰ ਪਰਕਾਰ ਦੀ ਜਾਇਦਾਦ-
RESIDENTIAL, COMMERCIAL &
REVENUE - ਖਰੀਦਣ ਜਾਂ ਵੇਚਣ ਸਮੇਂ
ਤੁਹਾਨੂੰ ਤਜਰਬੇਕਾਰ ਅਗਵਾਈ ਦੇਣ ਵਾਲੇ

**ਦਰਸ਼ਨ ਬਰਾੜ**

*Darshan Brar*

*Res. 433-3334*

MORTGAGES – APPRAISALS – RENTALS – SALES

---

FOR

*Designing - Layouts*

OF

FILM & OTHER POSTERS

**GENERAL PRINTING**

Call: 874-5403, 873-3187

---

## CENTURY TRAVEL SERVICE



204—3310 FRASER STREET
VANCOUVER, B.C., CANADA V5V 4C1

OFF: 874-9429

LOWEST FARES TO INDIA, PAKISTAN, FIJI, EUROPE, AND ALL OVER THE WORLD.

WE ALSO HELP IN GETTING PASSPORTS, VISAS AND
IMMIGRATION PAPERS, ETC.

GURSHARAN SANDHU

**ਸੈਂਚਰੀ ਟਰੈਵਲ ਸਰਵਿਸ**

204-3310 ਫਰੇਜ਼ਰ ਸਟਰੀਟ, ਵੈਨਕੋਵਰ, ਬੀ.ਸੀ., ਕੈਨੇਡਾ

OFF: 874-9429 RES: 681-3668

---



FOR ANY KIND OF

## INSURANCE

Life, Accident, Sickness,
Mortgage & Children

CONTACT

**RUPINDER S. AZAD**

MEMBER M.D.R.T. M.A., B.Ed.

OF

**SEA BOARD LIFE INSURANCE COMPANY**

Head Office: 1900 — W. Broadway, Vancouver, B.C.

Office: 736-7431 Res.: 522-5583

# ਲਤੀਫ਼ਾਂ

**ਗਜ਼ਲ ਪਾਕਿਸਤਾਨੀ**

ਪਿੰਡ ਇਕ ਬਰਾਤ ਆ ਗਈ, ਪੀਂਘਾਂ ਪਿਆਰ ਦੀਆਂ
ਪਈਆਂ ਰਹੀਆਂ ਤੇ ਡਾਹਣ ਵੱਢਣ ਲਈ ਆ ਗਏ ਲੋਕ ...... ......
ਨੀ ਲਤੀਫ਼ਾਂ ਨਾ ਜਾਈਂ ........ ਇਕ ਜਿਗਰ ਪੁਕਾਰਦਾ
ਰਿਹਾ...... ਮੇਰਾ ਗੋਸ਼ਤ ਖਵਾਓ ਜਾਂਞੀਆਂ .... ਚਾੜ੍ਹ ਦਿਓ ਦੇਗਾਂ।

"ਮੇਰੇ ਪਿੰਡ ਤੇ ਕੀ, ਲਤੀਫ਼ਾਂ! ਨੀ ਮੇਰੇ ਜਹਾਨ ਤੇ ਹੱਲਾ ਹੋ ਗਿਆ। ਢੋਲ ਢਮੱਕਿਆਂ ਨਾਲ ਜ਼ਾਲਮ ਮੇਰੀ ਦੁਨੀਆਂ ਤੇ ਟੁੱਟ ਪਏ ... ... ਸ਼ਰਾਬੀਆਂ ਵਾਂਗੂੰ ਝੂਮਦੇ ਸ਼ਮਲੇ ਜੱਟਾਂ ਦੇ, ਸ਼ਰ ਸ਼ਰ ਕਰਦੇ ਡੱਬਾਂ ਵਾਲੇ ਤਹਿਮਤ ਅਤੇ ਨੂਏਂ ਵਾਕਰ ਡੰਗ ਅਕੜਾਕੇ ਉਨ੍ਹਾਂ ਦੀਆਂ ਚੀਕਦੀਆਂ ਜੁਤੀਆਂ ਅੱਜ ਮੇਰੀ ਗਲੀ ਚੋਂ ਲੰਘੀਆਂ। ਗਲੀ ਚੋਂ ਕੀ ਮੇਰੇ ਸੀਨੇ ਤੋਂ ਦੀ ਘਿਸਰਦੀਆਂ ਗਈਆਂ ... ਤੇਰੀ ਹਵੇਲੀ ਆ ਦੁਸ਼ਮਣਾਂ ਪਿੜ ਮੱਲਿਆ .... ।

ਲਤੀਫ਼ਾਂ ਨੀ ਤੇਰੇ ਜਾਂਞੀਆਂ ਦੇ ਕਹਿਕਿਆਂ ਨਾਲ ਮੇਰੇ ਦਿਲ ਦੀਆਂ ਛੱਤਾਂ ਨੂੰ ਤ੍ਰੇੜਾਂ ਆ ਰਹੀਆਂ ਨੇ। ਇਹ ਤੇਰੀ ਸੋਹਣੀ ਹੋਂਦ ਦੀ ਛੱਤ, ਜਿਸ ਥੱਲੇ ਮੈਂ ਬਹਿਸ਼ਤ ਬਣਾਈ ਬੈਠਾ ਸਾਂ, ਅੱਜ ਕਿੜ ਕਿੜ ਕਰਦੀ ਡਿੱਗਣ ਲੱਗੀ ... ਰੋਕ ਲੈ ਨੀ ਥੱਲੇ ਤੇ ਮੇਰੀਆਂ ਕੱਚ ਦੀਆਂ ਸੱਧਰਾਂ ਚੂਰ ਚੂਰ ਹੋ ਜਾਸਣ; ਮੇਰੇ ਖਿਆਲਾਂ ਦੇ ਆਦਰੀ ਖਡਾਉਣੇ ਫਿੱਸ ਜਾਸਣ; ਮਸਤੀਆਂ ਮੇਤੀਆਂ ਡਲ੍ਹ ਪੋਸਣ ਭੂੰਏਂ ਚੁੱਪ ਕਰਾ ਨੀ ਜਾਂਞੀਆਂ ਦੇ ਘੋੜਲੂ ਹਾਸੇ, ਮੇਰੀਆਂ ਮਸੀਤਾਂ ਦੇ ਮੁਨਾਰੇ ਕੰਬਦੇ ਪਏ ਨੀ ।

ਅੱਜ ਮਾਂ ਮੇਰੀ ਨੇ ਅਪਣੇ ਦੁਪੱਟੇ ਦੀ ਕੁਕ ਨਿਆਣਿਆਂ ਵਾਂਙੂੰ ਦੰਦੀ ਹੇਠ ਦੇਕੇ ਛਿੱਦੀ ਤੇ ਚਾਚੇ ਨੇ ਵੀ ਸੋਚ ਸੋਚ ਅਪਣੀ ਮੁੱਛ ਤਰੁੰਡੀ। ਲਤੀਫ਼ਾਂ! ਨੀ ਤੇਰੇ ਸੁੰਦਰ ਮੁੰਦਰੇ ਹੱਥਾਂ ਅਤੇ ਗਾਜਰੀ ਉਂਗਲਾਂ ਦੇ ਨਪਿੱਤਣ ਲਈ ਬੂਰੀ ਮੱਝ ਦੇ ਗੋਰੇ ਗੋਰੇ ਥਣ ਢੂੰਡ ਆਂਦੇ, ਰਾਂਗਲਾ ਪੀੜ੍ਹਾ ਮਾਂ ਨੂੰ ਡਾਹਣ ਨਾ ਦਿਤਾ; ਅੰਦਰ ਬਾਹਰ ਗਾਚੀਆਂ ਫੇਰੀਆਂ ... ਕੀ ਹੁੰਦਾ ਜੇ ਤੂੰ ਘੱਮ ਘੱਮ ਕਰਦੀ ਮੇਰੀ ਨਜ਼ੀਰ ਸਾਹਵੇਂ ਹੀ ਇਹ ਜਨਮ ਗੁਜ਼ਾਰ ਲੈਂਦੀ ... ਉਫ!

ਓ ਸਾਡੇ ਤੇ ਵੇਹੜੇ ਦੀ ਰਾਣੀਏਂ ਉਹ ਚੱਲੀ ਦੁਸ਼ਮਣਾਂ ਸੰਗ ਛੱਡ ਮੇਰਾ ਘਰ ਪੱਚਿਆ......... ਦੀਵਾ ਜਿਸ ਘਰ ਦਾ ਲਭਨੀ ਤੇਰੇ ਲਿਸ਼ਕਦੇ ਗਹਿਣੇ ਰੱਤੇ ਪੀੜ੍ਹੇ, ਹੰਝੂਆਂ ਦੇ ਹੋਏ ਪੱਚੇ—...... ਨੀ ਤੇਰੇ ਪਿੱਛੇ ਪਿੱਛੇ ਹੀ ਬੂਰੀ ਦਾ ਰੱਸਾ ਵੀ ਮੈਂ ਖੋਲ੍ਹ ਦੇਸਾਂ ਅਤੇ ਪੀੜ੍ਹੇ ਤੇ ਰੱਖਸਾਂ ਝੁਲਸਦੀ ਕੁਝਣੀ..........।

ਮਾਂ ਨੂੰ ਜਦ ਮੇਰਾ ਪਤਾ ਲਗਾ, ਉਹ ਹੀਰ ਦਾ ਦਿਲ ਰੱਖਕੇ ਬੋਲੀ—ਨਿਰੇ ਵੈਰਾਗ ਤੇ ਵਿਛੋੜੇ ਅਤੇ ਚਾਚੇ ਨੇ ਰਾਂਝਣ ਵਾਲੀਆਂ ਤਸੱਲੀਆਂ ਬਖ਼ਸ਼ੀਆਂ ਤੇ ਮੈਂ ਲਤੀਫ਼ਾਂ! ਤੇਰਾ ਉਜੜਿਆ ਵਾਰਸ਼ਸ਼ਾਹ ਬਿਟ-ਬਿਟ ਵੇਂਹਦਾ ਰਿਹਾ ਨੀਲੇ ਅੰਬਰ ਤੇ ਚੁਪੀਤੀ ਧਰਤੀ..........।

ਤਰਕਾਲਾਂ ਡੂੰਘੀਆਂ ਹੋ ਆਈਆਂ ਵਾਗੀਆਂ ਤੇ ਵਾਹੀਵਾਨਾਂ ਦੇ ਹੋਕੇ ਪਰਛਾਂਵਿਆਂ ਵਾਕਰ ਲੰਮੇ ਲੰਮੇ ਹੋ ਗਏ .... ਰਾਤ ਹੋਈ, ਸੌਂਤਾ ਪਿਆ ਤੇ ਇਕ ਕੁੜੀ ਅਧ-ਨੰਗੀ ਮੇਰੇ ਸਰ੍ਹਾਣੇ ਆਣ ਖਲੋਤੀ ... ... ਮੈਨੂੰ ਜਗਾਅ ਬਾਹਰ ਜਾਣ ਲਈ ਧੱਕਾ ਕਰਦੀ ...... ਕੀ ਕਰਦਾ ਉਸ ਨਾਲ ਟੁਰਨਾ ਪਿਆ, ਮੈਨੂੰ ਉਹ ਨਹਿਰ ਤੇ ਲੈ ਗਈ ........ ਆਪੂੰ ਪਾਣੀ ਵਿਚ ਤਿਲਕ ਗਈ ਤੇ ਮੈਨੂੰ ਵੀ ਸੈਨਤਾਂ ਕਰਦੀ ਸੀ ਪਈ, ਮੈਂ ਤੇ ਡਰ ਗਿਆ, ਅੱਖ ਬਚਾ ਉਥੋਂ ਭੱਜਾ...... ਮੈਨੂੰ ਹੋਸ਼ ਨਾ ਰਹੀ ਅਜੇ ਪੁੜੀਆਂ ਖੋਲ੍ਹ ਖੋਲ੍ਹ ਮੈਨੂੰ ਖਾਣ ਨੂੰ ਦੇਂਦੀ ਸੀ ਪਈ, ਖਾਣ ਹੀ ਲੱਗਾ ਸਾਂ ਕਿ ਤੇਰੀ ਹਵੇਲੀ ਹੋ ਰਹੇ ਮੁਜਰੇ ਵਿਚ ਹਾਸਾ ਪਿਆ ..... ਮੈਨੂੰ ਹੋਸ਼ ਆਈ ... .... ਓਹ ਬਾਹਰ ਭੱਜ ਗਈ ਏ ਹੁਣ ..... ਛੱਡਾ ਨੀ ਮੇਰਾ ਪੱਲਾ, ਕਲੀਰੇ ਉਡੀਕਦੀਏ ਲਤੀਫ਼ਾਂ ..... .... ਇਹ ਕੁੜੀ ਮੈਂਤਰੀ ... ... ਨਹੀਂ ਤੇ ਮੈਂ ਇਸੇ ਨਾਲ ਚਾਦਰਾ.........।

ਵੱਡੀ ਸਰਘੀ ਨੂੰ ਬਾਂਗ ਹੋਈ, ਨਿਮਾਜ਼ ਬਹਾਨੇ ਤੇਰੀ ਕੰਧ ਨਾਲ ਕੰਨ ਲਾਂਦਾ ਤੇਰੀ ਬਾਰੀ ਕੋਲ ਪੁੱਜਾ! ਲਤੀਫ਼ਾਂ ਤੂੰ ਤੇ ਆਉਣ ਵਾਲੀਆਂ ਖੁਸ਼ੀਆਂ ਵਲ੍ਹੇਟ ਸੁਤੀ ਪਈ ਸੈਂ, ਸ਼ਾਲਾ ਨਿੱਘੀ ਵੱਸੇਂ ਸੱਧਰਾਂ ਲਦੀਏ! ਮੇਰੀ ਖਲੜੀ ਲਾਹ ਕੇ ਉਤੇ ਲੈ ਲੈ; ਮੇਰਾ ਗੋਸ਼ਤ ਖਵਾ ਦੇ ਜਾਂਞੀਆਂ; ਚਾੜ੍ਹ ਦਿਓ ਦੇਗਾਂ ... ਲਿਸ਼ਕਦੀ ਬੱਲਮ ਮੇਰੇ ਸੱਜੇ ਹੱਥ ਸੀ ਤੇ ਮੇਰੀਆਂ ਆਂਦਰਾਂ ਇਸਦੀ ਧਾਰ ਨੂੰ ਵਾਜਾਂ ਮਾਰਦੀਆਂ ਸਨ ਪਈਆਂ ... .........ਜੇ ਉਹ ਬੁਢੜ ਫਟੀਦਾ ਖੰਘਦਾ ਨਾ ਲੰਘਦਾ।

ਨੀ ਤੂੰ ਚੂੜਾ ਚੜ੍ਹਾ ਕੀ ਦਾ ਕੀ ਬਣ ਗਈਂ ਹੋਏਂਗੀ, ਨਾਰੇ ਤੇੜ ਲੜੀਏ! ਲੋਕਾਂ ਓ ਖਿੜ ਗਈ ਮੇਰੀ ਚੰਬੇ ਦੀ ਕਲੀ ਮੈਂ ਅੜਿਆ ਕਿੱਕਰੀ ਦੀ ਸੂਲੇ ... ਨੀ ਲਤੀਫ਼ਾਂ! ਖੰਭ ਸੁਆਰ ਲਗੀ ਏਂ ਉਡਣ ਸਾਨੂੰ ਫਟੜ ਸੁੱਟ ਜ਼ਿੰਦਗੀ ਮੌਤ ਦੇ ਪਹੇ ਤੇ। ਜੇ ਲੈ ਵੀ ਨਹੀਂ ਸੀਆਂ ਜਾਣਾ ਇਲੇ, ਪੰਜੇ ਕਿਉਂ ਫੜਿਆ ਸਾਈ? ਤੂੰ ਤੇ ਆਖਿਆ ਸੀ, ਨੌਂਹ ਥਲੇ ਲਕੋ ਲੈਸਾਂ ਕੋਈ ਨਾ ਤੱਕੇ ਸਾਰੀ ਉਮਰ ਪਿਆਰ ਅਸਾਂ ਦੇ। ਨਾ ਮਾਸ ਉਚੜੇ ਨਾ ਤੂੰ ਭੁਲੇਂ।" ਨੀ! ਉਹ ਨਹੁੰ ਤੂੰ ਕੱਟ ਸੁੱਟਿਆ ਹੁਣ ਨਵੇਂ ਨੌਂਹ ਤੇ ਨਵੇਂ ਮਾਸ, ਬਣ ਚਲੀਂ ਤੂੰ ਆਪ ਨਹੁੰ ਕਿਸੇ ਦੀ .... ...ਉਏ ਮੇਰੇ ਕਣਕੇ ਦੇ ਬੋਹਲ ਕੇਹੜਾ ਚੁੱਕ ਲੈ ਚੱਲਿਆ?

ਲੌਢਾ ਵੇਲਾ.......ਮੇਰੀ ਸਿਖਰ ਦੁਪਿਹਰੇ ਚੜ੍ਹ ਆਇਆ ਲੌਢਾ ਵੇਲਾ। ਅੱਜ ਰਾਤ ਪੈ ਜਾਣੀ ਨੀ ਦਿਨ ਵਿਚਕਾਰ ........ ਅਤੇ ਤੇਰੀਆਂ ਰਾਤਾਂ ਵਿਚ ਜਗਣਗੇ ਸੂਰਜ ਚਾਵਾਂ ਦੇ। ਡੋਲੀ ਬਿਠਾ ਤੈਨੂੰ ਸੜਕ ਤੇ ਲੈ ਆਏ। ਸਾਡੇ ਸੱਖਣੇ ਕੋਠੇ ਸਾਰੇ ਪਿੰਡ ਤੇ ਭੂਤ ਫਿਰ ਗਏ, ਘੱਟੇ ਨੇ ਉਡ ਉਡ ਤੇਰਾ ਰਾਹ ਡੱਕਿਆ ਜ਼ੋਰਾ ਜ਼ੋਰਾ ਬੋਲਿਆ ਕਿਸੇ ਇਕ ਨਾ ਸੁਣੀ।

IMPORTERS EXPORTERS WHOLESALERS RETAILERS
**ROKKO SAREES & FABRICS**
635-BLOOR STREET WEST. TORONTO. ONTARIO CANADA
Phone 533-1106
OWNED AND OPERATED BY B. S. KHURANA AND SONS AND GRANDSONS

ਡੋਲੀ ਸੜਕ ਤੇ ਆ ਗਈ...... ......"ਲਾਲ ਸੂਹਾ ਪਰਦਾ ਲਤੀਫਾਂ ਨੇ ਮਾੜਾ ਕੁ ਚੁੱਕਿਆ" ਮੈਂ ਸਾਹਮਣੇ ਬੁਢੀ ਬੇਰ ਦੇ ਸਾਂਘੇ ਵਿਚ ਬੈਠਾ ਸਾਂ। ਸਾਧਾ ਸੀ ਕਿ ਦੁਰਾਹਾ ਨਿਖੜਿਆ ਤਣੇ ਤੋਂ। ਪਿੰਡ ਦੀਆ ਕੁੜੀਆਂ ਨੇ ਡੋਲੀ ਤੇ ਮਾਖਿਓਂ ਲ ਈ ਹੁੰਦੀ ...... ਹੁਣ ਮੇਰੀਆਂ ਅੱਖੀਆ ਨੂਟੀਆ ਗਈਆ। ... ਇਨੇ ਨੂੰ ਢੋਲ ਵਜਿਆ, ਵੇਖਿਆ, ਤੇ ਡੋਲੀ ਔਹ ਜਾਂਦੀ ਸੀ ਪਈ, ਪਰਦਾ ਉਸੇ ਤਰ੍ਹਾਂ ਚੁਕਿਆ ਹੋਇਆ। ਪੈਲੀ ਇਕ ਟੁਰੀ ਜਾਂਦੀ ਤਕਦੀ ਸੀ ਪਈ ਪੈਲੀਆਂ ਟੁਰੀਆਂ ਜਾਂਦੀਆਂ ਪਿਛਾਹ ਨੂੰ ........

ਵੇ ਸ਼ਾਲਾ! ਮੰਢਿਆ ਤੇ ਉੱਗ ਪੈਣ ਡੋਲੀ ਦੇ ਪਾਵੇ ਤੇ ਡੋਲੀ ਖੜ੍ਹੀ ਰਹਿ ਜਾਏ ਇਸ ਧਰਤੀ ਤੋਂ ਉੱਚੀ। ....... ਡੋਲੀ ਜਾਂਦੀ ਜਾਂਦੀ ਇਕ ਟਿਮਕਣਾ ਬਣ ਗਈ।

ਚਾਚਾ ਓਏ ... ..ਓਏ ਮੇਰਿਆ ਚੰਗਿਆ ਚਾਚਾ! ਡੋਹਲਦਾ ਸੈਂ ਤੂੰ ਮੇਰੇ ਲਈ ਕਈ ਡੋਲੇ ਪਰ ਔਹ ਜਾਂਦੀ ਡੋਲੀ ਡੋਟਲਦੇ? ਕਹਿੰਦਾ ਕਹਿੰਦਾ ਬੰਨੀ ਤੋਂ ਢਹਿ ਪਿਆ।"

ਕਰਮਦੀਨ ਨੇ ਚੋਧਰੀ ਨੂੰ ਆਖਿਆ, "ਮੇਰੀ ਹਿੱਕ ਵਿਚ ਮੇਖ ਠੋਕੀ ਆ ਵੀਰਾ ਰੱਬ ਤੇਰਾ ਭਲਾ ਕਰੇ।"

× × × ×



SUPREME TRAVEL SERVICE


Mailing address:
P.O. Box 77171
Station S
Vancouver, B.C.

3397 Kingsway,
Vancouver, B.C.
Phone: 438-4371

FREE: Services are provided for passport, visa & immigration paper etc.

— TRAVEL WITH PROFESSIONALS —

ਅਸੀਂ ਪੈਸੇ ਭੇਜਣ ਦਾ ਵੀ ਕੰਮ ਕਰਦੇ ਹਾਂ।


# ਕਿੱਲੇ ਨਾਲ ਬੰਨ੍ਹਿਆਂ ਆਦਮੀ

ਰਾਮ ਸਰੂਪ ਅਣਖੀ

ਮਾਂ ਦਸਦੀ ਹੁੰਦੀ ਸੀ—ਜਦ ਮੈਂ ਛੋਟਾ ਜਿਹਾ ਸਾਂ, ਉਹ ਇਕ ਲੰਬੀ ਸਾਰੀ ਰੱਸੀ ਲੈ ਕੇ ਉਸਦਾ ਇੱਕ ਸਿਰਾ ਕਿੱਲੇ ਨਾਲ ਬੰਨ੍ਹ ਦਿੰਦੀ ਸੀ ਤੇ ਇੱਕ ਸਿਰਾ ਮੇਰੀ ਲੱਤ ਨਾਲ। ਗੋਡਣੀਏਂ ਰੁੜ੍ਹਦਾ ਸਾਂ। ਟਿਕ ਕੇ ਨਹੀਂ ਸੀ ਬੈਠਦਾ ਹੁੰਦਾ। ਬੜਾ ਸ਼ਰਾਰਤੀ ਸਾਂ। ਘਰ ਵਿਚ ਹੋਰ ਕੋਈ ਮੁੰਡਾ ਕੁੜੀ ਨਹੀਂ ਸੀ ਜੋ ਮੈਨੂੰ ਸੰਭਾਲਦਾ। ਬਾਪੂ ਵੀ ਸਾਰਾ ਦਿਨ ਖੇਤ ਰਹਿੰਦਾ ਸੀ। ਉਹ ਘਰ ਦੇ ਕੰਮ ਵਿਚ ਰੁੱਝੀ ਹੁੰਦੀ ਤੇ ਮੈਂ ਪਤਾ ਨਹੀਂ ਕਦੋਂ ਬਾਰ ਟੱਪ ਜਾਂਦਾ ਸਾਂ। ਬਾਰ ਮੂਹਰੇ ਵਗਦੇ ਰਾਹ ਵਿਚ ਚਲਿਆ ਜਾਂਦਾ ਸਾਂ। ਰਾਹ ਜਿੱਥੋਂ ਦੀ ਊਂਟ, ਬਲਦ, ਗਊਆਂ, ਮੱਝਾਂ, ਗਧੇ ਤੇ ਗੱਡੇ ਲੰਘਦੇ ਰਹਿੰਦੇ ਸਨ। ਮਾਂ ਨੂੰ ਡਰ ਸੀ ਕਿਤੇ ਮੈਂ ਥੱਲੇ ਆ ਕੇ ਮਿੱਧਿਆ ਨਾ ਜਾਵਾਂ। ਓਦੋਂ ਸਾਡੇ ਬਾਰ ਨੂੰ ਤਖਤੇ ਕੋਈ ਨਹੀਂ ਸੀ ਲੱਗੇ ਹੁੰਦੇ। ਇੱਕ ਖਿੜਕ ਜਿਹਾ ਹੁੰਦਾ ਸੀ। ਲੱਕੜ ਦੇ ਚੋਖਟੇ ਵਿਚ ਕਾਫੀ ਕਾਫੀ ਵਿੱਥ ਛੱਡ ਕੇ ਬੇਰੀ ਦੀਆਂ ਸੋਟੀਆਂ ਦਾ ਚਾਰਖਾਨਾ। ਕੁੱਤੇ ਬਿੱਲੇ ਖਿੜਕ ਦੇ ਵਿਚ ਦੀ ਲੰਘ ਜਾਂਦੇ ਸਨ। ਖਿੜਕ ਲੱਗਿਆ ਹੁੰਦਾ, ਮੈਂ ਵੀ ਖਿੜਕ ਦੇ ਵਿਚ ਦੀ ਲੰਘ ਕੇ ਰਾਹ 'ਤੇ ਜਾ ਬੈਠਦਾ। ਮਾਂ ਕੋਲ ਬੱਸ ਇਕੋ ਤਰੀਕਾ ਸੀ। ਕਿੱਲੇ ਨਾਲ ਰੱਸੀ ਤੇ ਓਧਰ ਮੇਰੀ ਲੱਤ ਨਾਲ। ਛਣਕਣਾ, ਰਬੜ ਦਾ ਤੋਤਾ, ਹਾਥੀ ਤੇ ਬੱਸ ਮੇਰੇ ਮੂਹਰੇ ਰੱਖਕੇ ਮਾਂ ਆਪਣੇ ਕੰਮ ਲੱਗ ਜਾਂਦੀ ਸੀ। ਮੇਰੇ ਵਲੋਂ ਨਿਸਚਿੰਤ। ਖਿਡੌਣਿਆਂ ਨਾਲ ਮੇਰਾ ਜੀਅ ਨਹੀਂ ਸੀ ਪਰਚਦਾ। ਵਗਦੇ ਰਾਹ 'ਤੇ ਜਾਣ ਲਈ ਮੈਂ ਧੁਰਲੀਆਂ ਮਾਰਦਾ। ਆਪਣੀ ਲੱਤ ਨਾਲੋਂ ਰੱਸੀ ਦੀ ਗੰਢ ਖੋਲ੍ਹਦਾ। ਗੰਢ ਖੁਲ੍ਹਦੀ ਨਹੀਂ ਸੀ। ਗੰਢ ਖੋਲ੍ਹਣੀ ਮੈਂ ਜਾਣਦਾ ਹੀ ਨਹੀਂ ਸੀ। ਰੋਂਦਾ ਸਾਂ, ਚੀਕਾਂ ਛਡਦਾ ਸਾਂ ਤੇ ਹਾਰ ਕੇ ਖਿਡੌਣਿਆਂ ਨੂੰ ਚਲਾ ਚਲਾ ਮਾਰਦਾ ਸਾਂ। ਕਿੱਲੇ ਨਾਲ ਬੰਨ੍ਹਿਆ ਰਹਿੰਦਾ ਸਾਂ। ਜਿੰਨੀ ਲੰਬੀ ਮੇਰੀ ਰੱਸੀ ਸੀ ਓਡਾ ਕੁ ਹੀ ਮੇਰਾ ਸੰਸਾਰ ਸੀ। ਕਿੱਲੇ ਨਾਲ ਬੱਝਿਆ ਹੋਇਆ ਸੰਸਾਰ।

ਤੇ ਫਿਰ ਜਦ ਮੈਂ ਕੁਝ ਉਡਾਰ ਹੋ ਗਿਆ ਸਾਂ, ਮਾਂ ਨੂੰ ਮੇਰੇ ਵਿਆਹ ਦਾ ਫ਼ਿਕਰ ਪੈ ਗਿਆ ਸੀ। ਉਹ ਚਾਹੁੰਦੀ ਸੀ, ਛੇਤੀ ਨੂੰਹ ਘਰ ਆਵੇ। ਸੱਤਵੀਂ ਜਾਂ ਸ਼ਾਇਦ ਅੱਠਵੀਂ ਜਮਾਤ ਵਿਚ ਪੜ੍ਹਦਾ ਸਾਂ ਕਿ ਮਾਂ ਨੇ ਰਿਸ਼ਤਾ ਲੈ ਲਿਆ। ਆਪਣੇ ਜਾਣੇ ਬਹੁਤ ਚੰਗੇ ਖਾਨਦਾਨੀ ਘਰ ਦਾ ਰਿਸ਼ਤਾ। ਦਸਵੀਂ ਜਮਾਤ ਪਾਸ ਕੀਤੀ ਤਾਂ


MOVIES FOREIGN EXCHANGE CONCERT
SIHOTA DISTRIBUTORS
1391 KINGSWAY, VANCOUVER, B.C.
PHONE: 873-4541 873-5631
MANAGER KARTAR SINGH AHLUWALIA

ਵਿਆਹ ਵੀ ਲੈ ਲਿਆ । ਮੈਂ ਕਾਲਜ ਵਿਚ ਪੜ੍ਹਦਾ ਤੇ ਕੁਸ਼ੱਲਿਆ ਮਾਂ ਕੋਲ ਰਹਿੰਦੀ । ਮੈਂ ਬੀ. ਏ. ਕੀਤੀ ਤੇ ਕੁਸ਼ੱਲਿਆ ਨੇ ਦੋ ਬੱਚੇ ਜੰਮ ਕੇ ਰੱਖ ਦਿੱਤੇ। ਮਾਂ ਖੁਸ਼ ਸੀ ਕਿ ਉਹ ਆਰ ਪਰਵਾਰ ਵਾਲੀ ਹੈ। ਉਸਦੇ ਘਰ ਸਾਰੇ ਰੰਗ ਭਾਗ ਲੱਗੇ ਹੋਏ ਹਨ।

○

ਕੁਸ਼ੱਲਿਆ ਸਾਰੀ ਉਮਰ ਮਾਂ ਕੋਲ ਹੀ ਰਹੀ ਹੈ। ਭਾਵ ਜਦ ਤੋਂ ਉਹ ਵਿਆਹੀ ਹੈ ਮੇਰੀ ਮਾਂ ਕੋਲ ਹੀ ਹੈ। ਮੈਂ ਦੂਰ ਦੂਰ ਥਾਵਾਂ 'ਤੇ ਰਿਹਾ ਹਾਂ ਪਰ ਉਸਨੂੰ ਨਾਲ ਕਦੇ ਨਹੀਂ ਲੈ ਕੇ ਗਿਆ। ਇੱਕ ਵਾਰੀ ਸਿਰਫ਼ ਉਹ ਮੇਰੇ ਕੋਲ ਰਹੀ ਸੀ। ਓਦੋਂ, ਜਦ ਮੈਂ ਬਠਿੰਡੇ ਹੁੰਦਾ ਸਾਂ।

ਬਠਿੰਡੇ ਸਾਡੇ ਦਫਤਰ ਦੀਆਂ ਮੁਲਾਜ਼ਿਮ ਕੁੜੀਆਂ ਸੁਭਾਅ ਦੀਆਂ ਬੜੀਆਂ ਖੁੱਲ੍ਹੀਆਂ ਸਨ। ਸਾਡੇ ਨਾਲ ਖੁਲ੍ਹ ਖੁੱਲ੍ਹ ਗੱਲਾਂ ਕਰਦੀਆਂ, ਖੁੱਲ੍ਹ ਖੁੱਲ੍ਹ ਹਸਦੀਆਂ। ਸਾਡੇ ਨਾਲ ਚਾਹ ਪੀਂਦੀਆਂ, ਦੁਪਹਿਰ ਦੀ ਰੋਟੀ ਸਾਡੇ ਨਾਲ ਬਹਿ ਕੇ ਖਾਂਦੀਆਂ। ਸ਼ਾਮ ਨੂੰ ਬਾਜ਼ਾਰ ਵਿਚ ਮਿਲਦੀਆਂ ਤਾਂ ਖੜ੍ਹਕੇ ਗੱਲ ਕਰਦੀਆਂ। ਕਰਮਜੀਤ ਤਾਂ ਬਹੁਤੀ ਹੀ ਘੁਲੀ ਮਿਲੀ ਸੀ।

ਇੱਕ ਸ਼ਾਮ ਉਹ ਸਾਡੇ ਘਰ ਆਈ।

ਮੈਂ ਅਖਬਾਰ ਦਾ ਐਡੀਟੋਰੀਅਲ ਪੜ੍ਹ ਰਿਹਾ ਸੀ। ਕੁਸ਼ੱਲਿਆ ਮੇਰੇ ਕੋਲ ਬੈਠੀ ਆਲੂ ਛਿੱਲ ਰਹੀ ਸੀ। ਕਰਮਜੀਤ ਨੇ ਆਉਣ-ਸਾਰ ਮੇਰੇ ਹੱਥੋਂ ਅਖਬਾਰ ਖੋਹ ਲਿਆ ਸੀ। ਆਖਿਆ ਸੀ—"ਵੀਰ ਜੀ, ਐਸ ਵੇਲੇ ਤਾਂ, ਕਹਿੰਦੇ, ਦਰਿਆ ਵੀ ਠਹਿਰ ਜਾਂਦੇ ਨੇ। ਤੁਸੀਂ ਕਦੇ ਤਾਂ ਆਰਾਮ ਨਾਲ ਬੈਠ ਜਾਇਆ ਕਰੋ।" ਕੁਸ਼ੱਲਿਆ ਨੂੰ ਸਤਿ ਸ੍ਰੀ ਅਕਾਲ ਕਹਿਕੇ ਉਸਨੇ ਉਸਦੇ ਹੱਥੋਂ ਚਾਕੂ ਫੜਿਆ ਸੀ— "ਆਲੂ ਮੈਂ ਛਿਲਦੀ ਆਂ, ਭਾਬੀ ਜੀ, ਤੁਸੀਂ ਚਾਹ ਬਣਾਓ।"

"ਕਿਉਂ, ਦੇਖੇ ਨੇ ਐਹੋ ਜੇ ਮਹਿਮਾਨ ? ਆਪ ਈ ਮੰਗ ਲੈਂਦੇ ਨੇ ਚਾਹ।" ਕਹਿਕੇ ਮੈਂ ਹੱਸਣ ਦੀ ਕੋਸ਼ਿਸ਼ ਕੀਤੀ ਸੀ। ਕੁਸ਼ੱਲਿਆ ਦੇ ਮੱਥੇ ਤੇ ਤਿਉੜੀਆਂ ਪੈ ਗਈਆਂ ਸਨ। ਤਿਉੜੀਆਂ ਕੀ ਉਸ ਦਾ ਤਾਂ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ ਸੀ, ਅੱਖਾਂ ਟੱਡੀਆਂ ਰਹਿ ਗਈਆਂ ਸਨ। ਉਸਨੂੰ ਤਾਂ ਜਿਵੇਂ ਗਸ਼ੀ ਪੈਣ ਵਾਲੀ ਹੋਵੇ। ਰਸੋਈ ਵਿਚ ਚਾਹ ਬਣਾ ਕੇ ਉਹ ਸਾਨੂੰ ਫੜਾ ਗਈ ਸੀ। ਕਰਮਜੀਤ ਨੇ ਬਹੁਤ ਆਖਿਆ ਸੀ—"ਆਓ, ਭਾਬੀ ਜੀ, ਤੁਸੀਂ ਵੀ ਪੀਓ ਇੱਕ ਪਿਆਲੀ।" ਪਰ ਕੁਸ਼ੱਲਿਆ ਨੇ ਤਾਂ ਰਸੋਈ ਵਿਚ ਹੀ ਜਿਵੇਂ ਕਬਰ ਪੁੱਟ ਲਈ ਹੋਵੇ। ਕਰਮਜੀਤ ਬੇਸ਼ਰਮ ਜਿਹੀ ਹੋ ਕੇ ਚਲੀ ਗਈ ਸੀ। ਕੁਸ਼ੱਲਿਆ ਨੇ ਮੇਰੇ ਕੋਲ ਆਕੇ ਕੰਧ ਨਾਲ ਟੱਕਰ ਮਾਰੀ ਸੀ। ਮੱਥੇ ਵਿਚੋਂ ਲਹੂ ਕੱਢ ਲਿਆ ਸੀ। ਦੁਹੱਥੜੀ ਪਿੱਟ ਰਹੀ ਸੀ— "ਦੱਸੋ, ਕੌਣ ਐ ਏਹੋ, ਮੇਰੇ ਪਿਓ ਦੀ ਰੰਨ ?"

○

ਹੁਣ ਮੈਂ ਪਿੰਡ ਦੇ ਨੇੜੇ ਹੀ ਹਾਂ। ਹਰ ਰੋਜ਼ ਬੱਸ 'ਤੇ ਘਰ ਆ ਜਾਂਦਾ ਹਾਂ। ਛੇ ਵਜੇ ਪਹੁੰਚ ਜਾਂਦਾ ਹਾਂ। ਕਦੇ ਕਦੇ ਕੋਈ ਦੋਸਤ-ਮਿੱਤਰ ਮਿਲ ਜਾਵੇ ਤਾਂ ਦੇਰ ਵੀ ਹੋ ਜਾਂਦੀ ਹੈ। ਦੇਰ ਨਾਲ ਘਰ ਪਹੁੰਚਾਂ ਤਾਂ ਕੁਸ਼ੱਲਿਆ ਦਾ ਮੂੰਹ ਮੋਟੇ ਦਾ ਮੋਟਾ।

"ਚਾਹ ਬਣਾ ਕੁਸ਼ੱਲਿਆ।" ਮੈਂ ਕਹਿੰਦਾ ਹਾਂ। ਉਹ ਬੋਲਦੀ ਨਹੀਂ।

"ਸੁਣਿਆ ਨੀ ? ਮੈਂ ਕੀ ਆਖਿਐ ?"

"ਜਿੱਥੋਂ ਆਏ ਓ, ਓਥੇ ਨੀ ਮਿਲੀ ਚਾਹ ?"

"ਔਣਾ ਮੈਂ ਕਿੱਥੋਂ ਸੀ ? ਦਿਲਬਾਰ ਮਿਲ ਪਿਆ, ਸਹੁਰਿਆਂ ਦੀਆਂ ਗੱਲਾਂ ਛੇੜ ਕੇ ਬਹਿ ਗਿਆ, ਘੰਟਾ ਲਵਾ 'ਤਾ ਸਾਲੇ ਨੇ।"

"ਬਹਾਨੇ ਬਣੌਣੇ ਤਾਂ ਬਥੇਰੇ ਔਂਦੇ ਨੇ। ਮਿਲ ਗਈ ਹੋਣੀ ਐ ਕੋਈ ਸੌਂਕਣ ਮੇਰੀ।"

"ਐਵੇਂ ਭੌਂਕੀ ਨਾ ਜਾਹ।"

"ਮੈਂ ਤਾਂ ਕੁੱਤੀ ਹਾਂ ਈ। ਐਨਾ ਚਿਰ ਹੋਰ ਕਿੱਥੇ ਰਹੇ ? ਮੈਂ ਜਾਣਦੀ ਨੀ ?"

ਤੇ ਖਿੱਝਕੇ ਮੈਂ ਉਸਨੂੰ ਧੋਅ ਧੋਅ ਕੁੱਟ ਸੁੱਟਦਾ ਹਾਂ। ਉਹ ਰੋਂਦੀ ਹੈ ਤੇ ਕਹਿੰਦੀ ਹੈ—

"ਮੈਨੂੰ ਤਪੇਣ ਆਲੀਏ, ਮੈਂ ਤਾਂ ਕਹਿਨੀ ਆਂ, ਤੇਰੀ ਦੇਹ ਨੂੰ ਕਾਂ ਕੁੱਤੇ ਨਾ ਖਾਣ।"

"ਦੱਸ ਤਾਂ ਸਹੀ, ਕੌਣ ਐਂ ਤੇਰੀ ਮਾਂ ?" ਮੈਂ ਗਰਮ ਹੋਇਆ ਪੁੱਛਦਾ ਹਾਂ।

"ਬੱਸ ਠੀਕ ਈ ਐ। ਦੱਸੀ ਹੋਈਐ। ਇੱਕੋ ਦਿਨ ਕਿਉਂ ਨੀ ਗੰਡਾਸੇ ਨਾਲ ਵੱਢ ਦਿੰਦੇ ? ਆਨੀ ਬਹਾਨੀ ਨਿੱਤ ਕਿਉਂ ਮਾਰਦੇ ਓਂ ?"

"ਆਪ ਈ ਖਾਨੀ ਐ ਜੁੱਤੀਆਂ।"

"ਮੈਂ ਤਾਂ ਓਦਣ ਈ ਜਾਣ ਗੀ ਸੀ।"

"ਕਿੱਦਣ ?"

"ਬਠਿੰਡੇ। ਯਾਦ ਨੀ ? ਕਰਮਜੀਤ-ਕੰਜਰੀ।"

ਮੈਂ ਹਸਦਾ ਹਾਂ। "ਓਸੇ ਗੱਲ ਨੂੰ ਦੱਬੀਂ ਫਿਰੀਂ ਸਾਰੀ ਉਮਰ। ਹੈਂ ?"

ਉਸ ਦੀਆਂ ਅੱਖਾਂ ਫਿਰ ਪਾਣੀ ਨਾਲ ਭਰ ਜਾਂਦੀਆਂ ਹਨ। ਹਉਕੇ ਲੈਂਦੀ ਉਹ ਚਾਹ ਬਣਾਉਣ ਲਈ ਸਟੋਵ ਵਿਚ ਹਵਾ ਭਰਨ ਲਗਦੀ ਹੈ।

○

ਮੇਰੀਆਂ ਅੱਖਾਂ ਨੂੰ ਇੱਕ ਨਾਮੁਰਾਦ ਬੀਮਾਰੀ ਚਿੰਬੜ ਗਈ ਹੈ। ਛੇ ਮਹੀਨਿਆਂ ਬਾਅਦ ਪਲਕਾਂ ਦੇ ਅੰਦਰੋਂ ਮਾਸ ਕਟਵਾਉਣਾ ਪੈਂਦਾ ਹੈ। ਨਹੀਂ ਤਾਂ ਬੁਰਾ ਹਾਲ ਹੋ ਜਾਂਦਾ ਹੈ।

IMPORTERS EXPORTERS WHOLESALERS RETAILERS

**ROKKO SAREES & FABRICS**

OWNED AND OPERATED BY B.S. KHURANA AND SONS AND GRANDSONS

S-39, GREEN PARK, NEW DELHI-16, INDIA. PHONE: 77790

# ਮੋਹਣੀ ਨਰੂ

## ਵੈਨਕੂ



MOHINI NARULA

WITH

* KESAR SINGH NARULA
  One of the best music director of Panjab and also
* BASANT LAL
* JASWINDER NARULA
  (Budding singer)

**SPONSORED BY**

**1391 KINGSWAY, VANCOUVE**

FOR FURTHER INFORMATION Kartar Singh Ahlu

# ਲਾ ਤੇ ਪਾਰਟੀ

## ਵਿਚ

**SEPTEMBER**

**15th, 1974**

**AT 2.00 P.M.**

**IN**

**QUEEN ELIZABETH**

**TEATHRE**

inger.

**TICKETS**

**$4, 5, 6 & 7**

**OTA DISTRIBUTORS**

• PHONE: 873-4541 873-5631

alia RES: 324 2557



H. S. DILL
SINGER



MADHU CHANCHAL
SINGER



KARUNESH SHARMA
COMEDIAN



KUSUM LATA
EXPERT DANCER

ਅੱਜ ਐਤਵਾਰ ਹੈ। ਸ਼ਾਮ ਦੀ ਗੱਡੀ ਪਟਿਆਲੇ ਜਾ ਰਿਹਾ ਹਾਂ। ਸੋਮਵਾਰ ਦੀ ਛੁੱਟੀ ਲੈ ਲਈ ਹੈ। ਕੱਲ ਨੂੰ ਸਵੇਰੇ ਹੀ ਹਸਪਤਾਲ ਜਾਵਾਂਗਾ ਤੇ ਡਾਕਟਰ ਨੂੰ ਮਿਲਾਂਗਾ। ਮਾਈਨਰ ਔਪਰੇਸ਼ਨ ਤਾਂ ਹੈ। ਦੁਪਹਿਰ ਦੀ ਗੱਡੀ ਹੀ ਵਾਪਸ ਆ ਜਾਵਾਂਗਾ।

ਧੂਰੀ ਚਾਹ ਪੀਣ ਉੱਤਰਦਾ ਹਾਂ। ਗੱਡੀ ਚਲਦੀ ਹੈ ਤੇ ਮੈਂ ਕਾਹਲ ਵਿੱਚ ਹੋਰ ਡੱਬੇ ਨੂੰ ਹੀ ਹੱਥ ਪਾ ਲਿਆ ਹੈ। ਕੋਈ ਗੱਲ ਨਹੀਂ। ਪਹਿਲੇ ਡੱਬੇ ਵਿਚ ਮੇਰਾ ਕੋਈ ਸਾਮਾਨ ਨਹੀਂ ਹੈ। ਏਅਰ ਬੈਗ ਹੈ ਸੋ ਮੇਰੇ ਮੋਢੇ ਹੈ।

ਕਿਸੇ ਖਾਲੀ ਸੀਟ ਵਲ ਨਜ਼ਰ ਦੌੜ ਰਹੀ ਹੈ। "ਵੀਰ ਜੀ, ਐਥੇ ਆ ਜਾਓ।" ਆਵਾਜ਼ ਮੇਰੀ ਜਾਣੀ ਪਹਿਚਾਣੀ ਹੈ। ਗਰਦਨ ਘੁਮਾ ਕੇ ਦੇਖਦਾ ਹਾਂ। ਗੰਗਾ ਹੈ, ਸਾਡੇ ਦਫਤਰ ਦੀ ਸਟੈਨੋ।

"ਗੰਗਾ, ਰਾਮ ਪੁਰੇ ਫੂਲ ਤਾਂ ਤੈਨੂੰ ਦੇਖਿਆ ਨੀ। ਕਿਹੜੇ ਵੇਲੇ ਚੜ੍ਹ 'ਗੀ ਗੱਡੀ ਤੂੰ ?"

"ਲਓ, ਮੈਂ ਤਾਂ ਮਸਾਂ ਲਈ ਗੱਡੀ। ਇੱਕ ਗੱਦੀ ਆਹ, ਤੱਥੜ।" ਉਹ ਆਪਣੀ ਤਿੰਨ ਕੁ ਸਾਲ ਦੀ ਬੇਬੀ ਦੀਆਂ ਗੱਲ੍ਹਾਂ ਨੂੰ ਘੁਟਦੀ ਹੈ।

ਬੇਬੀ ਨੂੰ ਪੱਟਾਂ 'ਤੇ ਬਿਠਾ ਕੇ ਮੈਂ ਗੰਗਾ ਦੇ ਕੋਲ ਬੈਠ ਜਾਂਦਾ ਹਾਂ। ਅਸੀਂ ਦਫਤਰ ਦੀਆਂ ਗੱਲਾਂ ਛੇੜ ਲੈਂਦੇ ਹਾਂ। ਗੱਲਾਂ ਹਨ ਕਿ ਮੁੱਕਣ ਵਿਚ ਹੀ ਨਹੀਂ ਆਉਂਦੀਆਂ।

ਪਟਿਆਲਾ ਆ ਜਾਂਦਾ ਹੈ। ਕਾਫੀ ਹਨੇਰਾ ਹੈ।

"ਕਿੱਥੇ ਠਹਿਰੋਂਗੇ ?"

"ਰਾਘੋ ਮਾਜਰੇ, ਮੇਰਾ ਇੱਕ ਦੋਸਤ ਐ। ਜੇ ਹੋਇਆ ਘਰੇ ਛੜਾ ਛਾਂਟ ਐ। ਨਾ ਹੋਇਆ ਤਾਂ ਫੇਰ ਦੂਖ ਨਿਵਾਰਨ।" ਕਹਿ ਕੇ ਮੈਂ ਹੱਸਣ ਲੱਗ ਪੈਂਦਾ ਹਾਂ।

ਗੰਗਾ ਗੰਭੀਰ ਹੋ ਗਈ ਹੈ। ਕਹਿੰਦੀ ਹੈ—"ਮੇਰੇ ਨਾਲ ਚੱਲੋ।"

"ਤੂੰ ਕਿੱਥੇ ਰਹਿਣੈ ?"

"ਐਥੇ ਮਾਸੀ ਜੀ ਨੇ ਨਾ। ਕੱਲੇ ਈ ਰਹਿੰਦੇ ਨੇ। ਇੱਕੋ ਮੁੰਡੈ, ਕੈਪਟਨ ਐ। ਮਾਸੜ ਜੀ ਸੂਬੇਦਾਰ ਸਨ। ਹਿੰਦ-ਪਾਕ ਦੀ ਲੜਾਈ 'ਚ ਮਾਰੇ ਗਏ ਸਨ।"

ਟਿਕਟ-ਕੁਲੈਕਟਰ ਤੋਂ ਅਗਲਾ ਬੰਦਾ ਰਿਕਸ਼ੇ ਵਾਲਾ ਹੈ। ਅਸੀਂ ਮਾਡਲ-ਟਾਊਨ ਪਹੁੰਚ ਜਾਂਦੇ ਹਾਂ। ਮਾਸੀ ਦੇ ਘਰ ਨੂੰ ਜਿੰਦਾ ਲੱਗਿਆ ਹੋਇਆ ਹੈ। ਗੰਗਾ ਗਵਾਂਢੀਆਂ ਨੂੰ ਪਹਿਲਾਂ ਹੀ ਜਾਣਦੀ ਹੈ। ਮਾਸੀ ਬਾਰੇ ਪੁੱਛਦੀ ਹੈ। ਇੱਕ ਬੁੜ੍ਹੀ ਚਾਬੀਆਂ ਦੇ ਕੇ ਦਸਦੀ ਹੈ—"ਮੁੰਡਾ ਆਇਆ ਸੀ, ਭਾਈ, ਰਾਤ। ਨਾਲ ਈ ਲੈ ਗਿਐ, ਫਰੋਜ਼ਪੁਰ ਨੂੰ। ਕਹਿ 'ਗੀ ਸੀ—ਜੇ ਭਲਾ ਗੰਗਾ ਆ ਜਾਵੇ, ਰਾਮ ਪੁਰਿਓਂ, ਤਾਂ ਆਹ ਚਾਬੀਆਂ ਫੜਾ ਦਿਓ। ਅਸੀਂ ਤਾਂ ਬਹੁਤ ਆਖਿਆ ਸੀ ਬਈ ਜੇ ਆਊਗੀ ਤਾਂ ਸਾਡੇ ਰਹਿ ਪਊਗੀ।"

"ਮੈਂ ਤਾਂ ਖ਼ਤ ਵੀ ਲਿਖਿਆ ਸੀ, ਅੱਜ ਔਣ ਦਾ।" ਤੇ ਫਿਰ ਗੰਗਾ ਆਪ ਹੀ ਕਹਿੰਦੀ ਹੈ—"ਕੀ ਕਰੇ ਮਾਸੀ ਵੀ ? ਦੋ ਖਤ ਪਹਿਲਾਂ ਵੀ ਮੈਂ ਲਿਖੇ ਸੀ ਪਰ ਆਇਆ ਨਹੀਂ ਸੀ ਗਿਆ। ਸੋਚਦੀ ਹੋਊਗੀ—ਕਿੱਥੇ ਔਣੈ ਗੰਗਾ ਨੇ। ਹੁਣ ਵੀ ਤਾਂ ਮਸਾਂ ਆਈ ਆਂ ਭੱਜ-ਨੱਠ 'ਚ।"

ਗੰਗਾ ਨੇ ਮਾਸੀ ਦਾ ਜਿੰਦਾ ਖੋਲ੍ਹਿਆ ਹੈ। ਮੈਨੂੰ ਅੰਦਰ ਬਿਠਾ ਕੇ ਆਪ ਉਹ ਰਸੋਈ ਵਿਚ ਆਟੇ ਦੀ ਤਲਾਸ਼ ਕਰਨ ਲਗਦੀ ਹੈ। ਗਵਾਂਢਣ ਬੁੜ੍ਹੀ ਆਉਂਦੀ ਹੈ ਤੇ ਕਹਿੰਦੀ ਹੈ—"ਰੋਟੀ, ਧੀਏ, ਮੈਂ ਔਨੀ ਆਂ ਲੈ ਕੇ। ਐਵੇਂ ਨਾ ਕਿਤੇ ਤਵਾ ਧਰ ਲੀਂ।"

ਰੋਟੀ ਖਾ ਕੇ ਅਸੀਂ ਇੱਕੋ ਕਮਰੇ ਵਿਚ ਪੈ ਜਾਂਦੇ ਹਾਂ। ਕਾਫੀ ਰਾਤ ਤੀਕ ਗੱਲਾਂ ਕਰਦੇ ਰਹਿੰਦੇ ਹਾਂ। ਸੌਂ ਜਾਂਦੇ ਹਾਂ। ਸਵੇਰੇ ਉਠਦੇ ਹਾਂ। ਗਵਾਂਢਣ ਬੁੜ੍ਹੀ ਦੁੱਧ ਦੀ ਗੜਵੀ ਦੇ ਗਈ ਹੈ। ਗੰਗਾ ਚਾਹ ਬਣਾਉਂਦੀ ਹੈ। ਮੈਂ ਨਹਾ ਲੈਂਦਾ ਹਾਂ। ਚਾਹ ਪੀ ਕੇ ਹਸਪਤਾਲ ਨੂੰ ਤੁਰ ਪੈਂਦਾ ਹਾਂ।

○

ਘਰ ਆ ਕੇ ਸੋਚਦਾ ਹਾਂ—ਜੇ ਕੁਸ਼ੱਲਿਆ ਨੂੰ ਦੱਸ ਦਿਆਂ ਕਿ ਮੈਂ ਇੱਕ ਪਰਾਈ ਔਰਤ ਨਾਲ ਰਾਤ ਗੁਜ਼ਾਰ ਕੇ ਆਇਆ ਹਾਂ ਤਾਂ ਕੀ ਹੋਵੇ ?

ਸੋਚਦਾ ਹਾਂ—ਬਚਪਨ ਵਿਚ ਮੇਰੀ ਲੱਤ ਨਾਲ ਮਾਂ ਜੋ ਰੱਸੀ ਬੰਨ੍ਹ ਦਿੰਦੀ ਸੀ, ਉਹ ਹੁਣ ਵੀ ਬੱਝੀ ਹੋਈ ਹੈ। ਮੈਂ ਓਨਾ ਹੀ ਨਿਤਾਣਾ ਹਾਂ। ਰੱਸੀ ਦੀ ਗੰਢ ਮੈਥੋਂ ਹੁਣ ਵੀ ਨਹੀਂ ਖੁਲ੍ਹਦੀ। ●

## ਸ਼ੋਕਮਈ ਚਲਾਣਾ

ਸਾਡੇ ਬਰਨਬੀ ਦੇ ਵਿਸ਼ੇਸ਼ ਪ੍ਰਤੀ ਨਿਧ ਬਲਬੀਰ ਸਿੰਘ ਧਾਲੀਵਾਲ ਦੇ ਬਾਬਾ ਜੀ ਸ: ਬਿਸ਼ਨ ਸਿੰਘ ਟੂਸਾ ਪਿਛਲੇ ਮਹੀਨੇ ਚਲਾਣਾ ਕਰ ਗਏ ਹਨ। 'ਵਤਨੋਂ ਦੂਰ' ਅਦਾਰਾ ਉਹਨਾਂ ਦੇ ਦੁੱਖ ਵਿਚ ਦਿਲੋਂ ਭਾਈਵਾਲ ਬਣਦਾ ਹੈ।

**WATNO DUR IN TORONTO**
**AVAILABLE AT**
ROKKO SAREES & FABRICS
635 Bloor Street, West
**PHONE: 533-1106**

MOVIES FOREIGN EXCHANGE CONCERT
**SIHOTA DISTRIBUTORS**
MANAGER KARTAR SINGH AHLUWALIA
1391 KINGSWAY,
VANCOUVER, B.C.
PHONE:
873-4541
873-5631

## ਸੋਜ਼ ਅਤੇ ਅੰਦਾਜ਼

# ਮੈਂ ਫਿਲਮਕਾਰ ਬਣਿਆ

ਸੱਤਿਆਜਿਤ ਰੇ

ਭਾਰਤ ਫਿਲਮਾਂ ਬਣਾਉਣ ਵਿਚ ਦੁਨੀਆਂ ਵਿੱਚੋਂ ਦੂਜੇ ਨੰਬਰ ਤੇ ਹੈ ਪਰ ਅੱਧੀਆਂ ਤੋਂ ਵੱਧ ਫਿਲਮਾਂ ਨਿਰਦੇਸ਼ਕ ਦੇ ਹੱਥਾਂ ਵਿਚ ਕਠਪੁਤਲੀ ਬਣ ਕੇ ਰਹਿ ਜਾਂਦੀਆਂ ਹਨ।

ਪਦਮੋਸ਼ਿਰੀ ਸਤਿਆਜੀਤ ਰੇਅ ਉਹ ਭਾਰਤੀ ਨਿਰਦੇਸ਼ਕ ਹੈ ਜਿਸਨੇ ਹਰ ਕਹਾਣੀ ਨੂੰ ਜ਼ਿੰਦਗੀ ਦੀਆਂ ਡੂੰਘੀਆਂ ਤਹਿਆਂ 'ਚੋਂ ਉਘਾੜਕੇ ਪਰਦੇ ਤੇ ਪੇਸ਼ ਕੀਤਾ ਹੈ। ਇਹੀ ਕਾਰਣ ਹੈ ਕਿ ਉਸਦੀਆਂ ਫਿਲਮਾਂ ਅੰਤ੍ਰ-ਰਾਸ਼ਟਰੀ ਮੁਕਾਬਲਿਆਂ ਵਿਚ ਆਮ ਹੀ ਪਹਿਲੇ ਇਨਾਮ ਨਾਲ ਸਨਮਾਨੀਆਂ ਜਾਂਦੀਆਂ ਹਨ।

ਉਹਨੀਂ ਦਿਨੀਂ ਮੈਂ ਲੰਡਨ ਵਿਚ ਸਾਂ. ਤੇ ਇਕ ਇਸ਼ਤਿਹਾਰ-ਏਜੰਸੀ ਵਿਚ ਆਰਟ-ਡਾਇਰੈਕਟਰ ਦੇ ਤੌਰ ਤੇ ਕੰਮ ਕਰਦਾ ਸਾਂ। ਮੈਂ ਉਥੇ ਦੋ ਮਹੀਨੇ ਰਿਹਾ। ਉਹਨੀਂ ਦਿਨੀਂ ਮੈਂ ਲਗ ਭਗ ਰੋਜ਼ ਹੀ ਇਕ ਫ਼ਿਲਮ ਵੇਖਿਆ ਕਰਦਾ ਸਾ। ਇਕ ਦਿਨ ਮੈਂ ਡੀ ਸਿੱਕਾ ਦੀ ਫ਼ਿਲਮ, "ਬਾਈਸਿਕਲ ਚੋਰ" ਵੇਖੀ। ਉਹਨੀਂ ਦਿਨੀਂ ਮੈਂ "ਪਥੇਰ ਪੰਚਾਲੀ" ਬਣਾਉਣ ਬਾਰੇ ਸੋਚਣ ਲਗਾ ਸਾਂ, ਪਰ ਇਹ ਤੈਅ ਨਹੀਂ ਸੀ ਕਰ ਪਾ ਰਿਹਾ ਕਿ ਫ਼ਿਲਮ ਵਿਚ ਗ਼ੈਰ ਪੇਸ਼ੇਵਰ ਐਕਟਰਾਂ ਤੇ ਹੋਰਨਾਂ ਬੰਦਿਆਂ ਤੋਂ ਕੰਮ ਲੈ ਸਕਾਂਗਾ ਜਾਂ ਨਹੀਂ। ਪਰ "ਬਾਈਸਿਕਲ ਚੋਰ" ਵੇਖਣ ਪਿਛੋਂ ਮੇਰੇ ਬਹੁਤ ਸਾਰੇ ਵਿਚਾਰ ਇਕਦਮ ਬਦਲ ਗਏ. ਤੇ ਹਿੰਦੁਸਤਾਨ ਪਰਤਦਿਆਂ ਜਹਾਜ਼ ਵਿਚ ਮੈਂ "ਪਥੇਰ ਪੰਚਾਲੀ" ਦੇ ਸਕ੍ਰੀਨਪਲੇਅ ਦਾ ਪਹਿਲਾ ਡਰਾਫ਼ਟ ਤਿਆਰ ਕਰ ਲਿਆ।

ਫ਼ਿਲਮ ਦੇ ਖੇਤਰ ਮੈਂ ਕਿਉਂਕਿ ਨਵਾਂ ਸਾਂ, ਇਸ ਲਈ ਇਹ ਜਾਣਦਾ ਸਾਂ ਕਿ ਫ਼ਿਲਮ ਲਈ ਮੈਨੂੰ ਆਸਾਨੀ ਨਾਲ ਪੈਸਾ ਨਹੀਂ ਮਿਲ ਸਕੇਗਾ। ਨਾਲ ਹੀ, ਮੈਂ ਇਹ ਵੀ ਮਹਿਸੂਸ ਕੀਤਾ ਕਿ ਪੇਸ਼ੇਵਰ ਬੰਦਿਆਂ ਨਾਲ ਕੰਮ ਕਰਨ ਵਿਚ ਔਖਿਆਈ ਹੋਵੇਗੀ। ਉਹ ਕਈ ਕਈ ਕਿਸਮ ਦੇ ਏਤਰਾਜ਼ ਕਰਨਗੇ ਤੇ ਮੈਨੂੰ ਗ਼ੈਰ ਪੇਸ਼ੇਵਰ ਸਮਝ ਕੇ ਆਪਣੀ ਗੱਲ ਮਨਾਉਣ ਦਾ ਜਤਨ ਕਰਨਗੇ। ਪਰ ਮੈਂ ਸਾਂ ਕਿ ਸਭ ਕੁਝ ਅਪਣੀ ਮਨਮਰਜ਼ੀ ਮੁਤਾਬਿਕ ਕਰਨਾ ਚਾਹੁੰਦਾ ਸਾਂ। ਸੋ, ਮੈਨੂੰ ਗ਼ੈਰ ਪੇਸ਼ੇਵਰ ਬੰਦਿਆਂ ਦੀ ਅਪਣੀ ਵਖਰੀ ਟੋਲੀ ਬਣਾਉਣੀ ਪਈ।

ਸਕ੍ਰੀਨਪਲੇਅ ਲਿਖਦਿਆਂ ਹਰ ਪਾਤਰ ਦੀ ਖ਼ਾਸ ਸ਼ਕਲ ਮੇਰੇ ਸਾਹਮਣੇ ਉਭਰਦੀ ਹੈ, ਤੇ ਮੈਂ ਚਾਹੁੰਦਾ ਹਾਂ ਕਿ ਉਸ ਦੇ ਰੋਲ ਲਈ ਕੋਈ ਓਸੇ ਕਿਸਮ ਦਾ ਬੰਦਾ ਮਿਲੇ। ਜੇ ਉਹੋ ਜਿਹਾ ਪਾਤਰ ਪੇਸ਼ੇਵਰ ਐਕਟਰਾਂ ਵਿਚ ਮਿਲ ਜਾਂਦਾ ਹੈ, ਤਾਂ ਮੈਂ ਉਸ ਨੂੰ ਚੁਣ ਲੈਂਦਾ ਹਾਂ, ਵਰਨਾ ਬਾਹਰੋਂ ਚੋਣ ਕਰਨੀ ਪੈਂਦੀ ਹੈ। ਇਸ ਲਈ ਮੈਂ ਅਖ਼ਬਾਰਾਂ-ਰਸਾਲਿਆਂ ਵਿਚ ਇਸ਼ਤਿਹਾਰ ਦਿੰਦਾ ਹਾਂ। ਕਦੇ ਮੈਂ ਸੜਕਾਂ-ਬਾਜ਼ਾਰਾਂ ਵਿਚ ਜਾ ਕੇ ਨਵੇਂ ਚਿਹਰੇ ਲਭਦਾ ਹਾਂ। ਜਦ ਮੈਨੂੰ ਅਪਣੀ ਲੋੜ ਅਨੁਸਾਰ ਚਿਹਰੇ ਵਾਲਾ ਕੋਈ ਬੰਦਾ ਵਿਖਾਈ ਦੇ ਜਾਂਦਾ ਹੈ, ਤਾਂ ਮੈਂ ਉਸ ਨੂੰ ਮਿਲਦਾ ਹਾਂ ਤੇ ਉਸ ਨਾਲ ਗੱਲ ਕਰਦਾ ਹਾਂ। ਮਿਸਾਲ ਵਜੋਂ, ਜਦ ਮੈਂ ਆਪਣੀ ਦੂਜੀ ਫ਼ਿਲਮ, "ਅਪੂ ਦਾ ਸੰਸਾਰ" ਬਣਾਉਣ ਲਗਾ, ਤਾਂ ਮੈਨੂੰ ਅਪੂ ਦੇ ਪਾਤਰ ਲਈ ਦਸ ਸਾਲ ਦੇ ਮੁੰਡੇ ਦੀ ਲੋੜ ਪਈ। "ਪਥੇਰ ਪੰਚਾਲੀ" ਵਿਚ ਅਪੂ ਛੇ ਸਾਲ ਦਾ ਸੀ। ਸੋ, ਮੈਨੂੰ ਉਸੇ ਨਾਲ ਮਿਲਦਾ-ਜੁਲਦਾ ਦਸ ਸਾਲ ਦਾ ਮੁੰਡਾ ਚਾਹੀਦਾ ਸੀ। ਇਕ ਦਿਨ ਮੈਂ ਟ੍ਰਾਮ ਵਿਚ ਕਿਤੇ ਜਾ ਰਿਹਾ ਸਾਂ ਕਿ ਇੰਨ ਬਿੰਨ ਉਹੋ ਜਿਹਾ ਮੁੰਡਾ ਮੈਨੂੰ ਵਖਾਈ ਦਿਤਾ। ਮੈਂ ਉਸ ਨੂੰ ਬੁਲਾ ਕੇ ਪੁੱਛਿਆ, "ਮੇਰੀ ਫ਼ਿਲਮ ਵਿਚ ਕੰਮ ਕਰਨਾ ਚਾਹੇਂਗਾ ?" "ਹਾਂ" ਉਸ ਨੇ ਕਿਹਾ। ਤੇ ਮੈਂ ਉਸ ਨੂੰ ਅਪੂ ਦੇ ਰੋਲ ਲਈ ਚੁਣ ਲਿਆ।

ਮੈਂ ਅਪਣੀਆਂ ਪਹਿਲੀਆਂ ਤਿੰਨਾਂ ਫ਼ਿਲਮਾਂ ਲਈ ਏਸੇ ਤਰ੍ਹਾਂ ਗ਼ੈਰ ਪੇਸ਼ੇਵਰ ਐਕਟਰਾਂ ਦੀ ਚੋਣ ਕੀਤੀ ਸੀ। ਕਈ ਵਾਰ ਮੈਨੂੰ ਹੈਰਾਨੀ ਹੁੰਦੀ ਹੈ ਕਿ ਆਮ ਲੋਕਾਂ ਵਿਚ ਐਕਟਿੰਗ ਕਰਨ ਦੀ ਕਿੰਨੀ ਵਡੀ ਲਾਲਸਾ ਹੁੰਦੀ ਹੈ। ਕੋਈ ਵੀ ਨਵਾਂ ਬੰਦਾ ਜੋ ਇਕ ਵਾਰ ਕੋਈ ਰੋਲ ਕਰਨ ਤੇ ਕੈਮਰੇ ਦਾ ਸਾਹਮਣਾ ਕਰਨ ਲਈ ਰਾਜ਼ੀ ਹੋ ਜਾਂਦਾ ਹੈ, ਤਾਂ ਫੇਰ ਬਾਕੀ ਸਭ ਕੁਝ ਸੌਖਾ ਹੋ ਜਾਂਦਾ ਹੈ। ਤਦ ਉਸ ਕੋਲੋਂ ਜਿਹੋ ਜਿਹੀ ਐਕਟਿੰਗ ਚਾਹੋ, ਕਰਵਾਈ ਜਾ ਸਕਦੀ ਹੈ।

ਮੈਂ ਅਪਣੀਆਂ ਕੁਝ ਫ਼ਿਲਮਾਂ ਲਈ ਖ਼ਾਸ ਤੌਰ ਤੇ ਪੇਸ਼ੇਵਰ ਐਕਟਰਾਂ-ਐਕਟ੍ਰੈਸਾਂ ਦੀ ਚੋਣ ਕੀਤੀ ਹੈ. ਕਿਉਂਕਿ ਉਨ੍ਹਾਂ ਤੋਂ ਕੰਮ ਲੈਣਾ ਵਧੇਰੇ ਸੌਖਾ ਹੁੰਦਾ ਹੈ। ਬਸ ਥੋੜੀ ਜਿੰਨੀ ਡਾਇਰੈਕਸ਼ਨ ਨਾਲ ਹੀ ਉਨ੍ਹਾਂ ਤੋਂ ਘਟ ਸਮੇਂ ਵਿਚ ਚੰਗਾ ਕੰਮ ਲਿਆ ਜਾ ਸਕਦ ਹੈ। ਖ਼ਾਸ ਕਰ ਜਿਥੇ ਲੰਮੇ ਵਾਰਤਾਲਾਪ ਬੋਲਣੇ ਹੋਣ, ਉਥੇ ਪੇਸ਼ੇਵਰ ਐਕਟਰਾਂ ਨੂੰ ਲੈਣ ਨਾਲ ਫ਼ਾਇਦਾ ਹੁੰਦਾ ਹੈ। ਪਰ ਛੋਟ ਰੋਲਾਂ ਲਈ, ਜਾਂ ਜਿਨ੍ਹਾਂ ਵਿਚ ਵਾਰਤਾਲਾਪ ਬਹੁਤ ਘਟ ਹੋਵੇ, ਗ਼ੈਰ ਪੇਸ਼ੇਵਰ ਐਕਟਰਾਂ ਤੋਂ ਹੈਰਾਨੀ ਭਰਿਆ ਕੰਮ ਲਿਆ ਜਾ ਸਕਦਾ ਹੈ, ਕਿਉਂਕਿ ਉਹ ਐਕਟਿੰਗ ਕਰਦੇ ਹੋਏ ਪ੍ਰਤੀਤ ਨਹੀਂ ਹੁੰਦੇ।

ਵਾਰਤਾਲਾਪ ਲਿਖਦਿਆਂ ਮੈਂ ਇਸ ਗੱਲ ਦਾ ਖ਼ਾਸ ਖ਼ਿਆਲ ਰਖਦਾ ਹਾਂ ਕਿ ਉਹ ਨਾ 'ਸਾਹਿਤਕ' ਹੋਣ, ਤੇ ਨਾ ਹੀ 'ਨਾਟਕੀਆ', ਸਗੋਂ ਉਨ੍ਹਾਂ ਵਿਚ ਆਮ ਬੋਲ-ਚਾਲ ਦਾ ਲਹਿਜਾ ਤੇ ਸਹਿਜ ਸੁਭਾਵਕਤਾ ਹੋਵੇ, ਪਰ ਉਹ ਵਾਰਤਾਲਾਪ ਇੰਨ ਬਿੰਨ ਉਹੋ ਜਿਹੇ ਨਹੀਂ ਹੁੰਦੇ, ਜਿਹੋ ਜਿਹੇ

IMPORTERS EXPORTERS WHOLESALERS RETAILERS
**ROKKO SAREES & FABRICS**
6201 FRASER ST., (At 46th Ave.) VANCOUVER-15, B.C., CANADA. PHONE: 327-3033
OWNED AND OPERATED BY B.S. KHURANA AND SONS AND GRANDSONS

ਕਿ ਲੋਕ ਅਪਣੀ ਨਿੱਤ ਦਿਨ ਦੀ ਜ਼ਿਦਗੀ ਵਿਚ ਬੋਲਦੇ ਹਨ ਜਿਨ੍ਹਾਂ ਵਿਚ ਕਿ ਉਹ ਲੋੜੋਂ ਵਧ ਲਫ਼ਜ਼ਾਂ ਦੀ ਵਰਤੋਂ ਕਰਦੇ ਹਨ, ਜਾਂ ਜੋ ਲੋੜੋਂ ਵਧ ਰੁਕ-ਰੁਕ ਕੇ ਬੋਲ ਜਾਂਦੇ ਹਨ। ਮੈਂ, ਮੈਂ ਉਨ੍ਹਾਂ 'ਚੋਂ ਸਾਰੀਆਂ ਬੇਲੋੜੀਆਂ ਚੀਜ਼ਾਂ ਕੱਢ ਦਿੰਦਾ ਹਾਂ। ਅਜਿਹੇ ਵਾਰਤਾਲਾਪ ਬੋਲਣ ਵਿਚ ਗੈਰਪੇਸ਼ੇਵਰ ਐਕਟਰਾਂ ਨੂੰ ਸੌਖ ਹੁੰਦੀ ਹੈ।

ਸ਼ੂਟਿੰਗ ਕਰਨ ਵੇਲੇ ਮੈਂ ਦੋ ਜਾਂ ਤਿੰਨ ਤੋਂ ਜ਼ਿਆਦਾ 'ਟੇਕ' ਨਹੀਂ ਲੈਂਦਾ। ਆਮ ਤੌਰ ਤੇ ਪਹਿਲਾਂ ਟੇਕ ਸਭ ਤੋਂ ਵਧੀਆ ਹੁੰਦਾ ਹੈ, ਜਾਂ ਕਦੇ-ਕਦਾਈਂ ਦੂਜਾ। ਕਿਸੇ ਖ਼ਾਸ ਹਾਲਤ ਵਿਚ ਹੀ ਮੈਨੂੰ ਜ਼ਿਆਦਾ ਟੇਕ ਲੈਣੇ ਪੈਂਦੇ ਹਨ। ਮਿਸਾਲ ਵਜੋਂ, ਇਕ ਫ਼ਿਲਮ ਵਿਚ ਇਕ ਅਜਿਹਾ ਦ੍ਰਿਸ਼ ਸੀ, ਜਿਸ ਵਿਚ ਮੈਂ ਇਕ ਛੋਟੇ ਜਿਹੇ ਮੁੰਡੇ, ਉਸ ਦੇ ਭਰਾ, ਉਸ ਦੀ ਭੈਣ, ਤੇ ਇਕ ਕੁੱਤੇ ਨੂੰ ਪੇਸ਼ ਕਰਨਾ ਸੀ। ਇਕ ਮਕੇ ਤੇ ਸਾਰੇ ਬੱਚੇ ਭੱਜ ਉਠਦੇ ਹਨ, ਤੇ ਕੁੱਤੇ ਨੂੰ ਉਨ੍ਹਾਂ ਦੇ ਪਿਛੇ ਭਜਣਾ ਹੁੰਦਾ ਹੈ। ਅਸੀਂ ਇਕ ਦੇਹਾਤੀ ਇਲਾਕੇ ਵਿਚ ਸ਼ੂਟਿੰਗ ਕਰ ਰਹੇ ਸਾਂ, ਤੇ ਉਹ ਕੁੱਤਾ ਉਥੋਂ ਦਾ ਆਵਾਰਾ ਕੁੱਤਾ ਸੀ। ਉਹ ਦ੍ਰਿਸ਼ ਮੈਨੂੰ ਗਿਆਰਾਂ ਵਾਰ ਸ਼ੂਟ ਕਰਨਾ ਪਿਆ ਸੀ। ਸਾਡੀ ਫ਼ਿਲਮ ਦਾ ਬਜਟ ਕਿਉਂਕਿ ਛੋਟਾ ਹੁੰਦਾ ਹੈ, ਇਸ ਲਈ ਮੈਨੂੰ ਕਿਫ਼ਾਇਤ ਤੋਂ ਕੰਮ ਲੈਣਾ ਪੈਂਦਾ ਹੈ।

ਮੈਂ ਮੱਧ ਵਰਗ ਦੇ ਲੋਕਾਂ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੰਬੰਧੀ ਕਹਾਣੀਆਂ ਤੇ ਫ਼ਿਲਮਾਂ ਬਣਾਈਆਂ ਹਨ, ਜਿਨ੍ਹਾਂ ਦਾ ਮੁੱਖ ਵਿਸ਼ਾ ਹੈ ; ਨਵੇਂ ਤੇ ਪੁਰਾਣੇ ਦਾ ਪਰਸਪਰ ਵਿਰੋਧ। ਇਹ ਵਿਸ਼ਾ ਮੇਰੀਆਂ ਲਗ ਭਗ ਸਾਰੀਆਂ ਫ਼ਿਲਮਾਂ ਵਿਚ ਵੇਖਿਆ ਜਾ ਸਕਦਾ ਹੈ।

• ਹਿੰਦੁਸਤਾਨ ਵਿਚ ਲੋਕਾਂ ਨੂੰ ਅਜਿਹੀਆਂ ਫ਼ਿਲਮਾਂ ਵੇਖਣ ਦੀ ਆਦਤ ਪੈ ਗਈ ਹੈ, ਜਿਨ੍ਹਾਂ ਵਿਚ ਕਿ ਉਨ੍ਹਾਂ ਨੂੰ ਸੋਚਣ ਦੀ ਲੋੜ ਨਾ ਪਏ। ਪਰ ਮੇਰੀਆਂ ਫ਼ਿਲਮਾਂ ਨੂੰ ਸਮਝਣ ਲਈ ਕਿਸੇ ਹੱਦ ਤਕ ਦਿਮਾਗ਼ ਤੇ ਜ਼ੋਰ ਪਾਉਣਾ ਪੈਂਦਾ ਹੈ। ਫ਼ਿਲਮ ਵੇਖਦਿਆਂ ਦਰਸ਼ਕ ਨੂੰ ਹਰ ਵੇਲੇ ਸੁਚੇਤ ਰਹਿਣਾ ਪੈਂਦਾ ਹੈ ਕਿ ਵਾਰਤਾਲਾਪਾਂ ਬਾਰੇ, ਪਾਤਰਾਂ ਦੀਆਂ ਹਰਕਤਾਂ ਬਾਰੇ। ਏਥੋਂ ਤਕ ਕਿ ਦ੍ਰਿਸ਼ ਦਾ ਪਿਛੋਕੜ ਵੀ ਅਹਿਮ ਹੁੰਦਾ ਹੈ। ਦ੍ਰਿਸ਼ ਵਿਚਲੀ ਹਰ ਚੀਜ਼ ਕਹਾਣੀ ਵਿਚ ਅਪਣਾ ਹਿੱਸਾ ਪਾ ਰਹੀ ਹੁੰਦੀ ਹੈ। ਏਸੇ ਲਈ, ਜੋ ਦਰਸ਼ਕ ਮੇਰੀਆਂ ਫ਼ਿਲਮਾਂ ਨੂੰ ਦੁਬਾਰਾ ਵੇਖਦਾ ਹੈ, ਉਸ ਨੂੰ ਉਹ ਵਧੇਰੇ ਚੰਗੀਆਂ ਲਗਦੀਆਂ ਹਨ। ਤਦ ਉਹ ਉਨ੍ਹਾਂ ਨੂੰ ਤੀਜੀ ਵਾਰ ਵੇਖਣਾ ਚਾਹੁੰਦਾ ਹੈ।

ਮੈਂ ਅਪਣੇ ਆਪ ਨੂੰ ਇਕ ਬੰਗਾਲੀ ਦੇ ਰੂਪ ਵਿਚ ਵੇਖਦਾ ਹਾਂ, ਤੇ ਬੰਗਾਲੀ ਦਰਸ਼ਕਾਂ ਨੂੰ ਹੀ ਸਾਹਮਣੇ ਰਖ ਕੇ ਫ਼ਿਲਮ ਬਣਾਉਂਦਾ ਹਾਂ। ਸ਼ੁਰੂ ਵਿਚ ਮੈਨੂੰ ਇਸ ਗੱਲ ਦਾ ਪਤਾ ਨਹੀਂ ਹੁੰਦਾ ਕਿ ਉਹ ਫ਼ਿਲਮ ਹਿੰਦੁਸਤਾਨ ਤੋਂ ਬਾਹਰ ਪਸੰਦ ਕੀਤੀ ਜਾਏਗੀ ਜਾਂ ਨਹੀਂ, ਕਿਉਂਕਿ ਹੋਰਨਾਂ ਮੁਲਕਾਂ ਦੇ ਲੋਕਾਂ ਦੀ ਪਸੰਦ ਤੇ ਦਿਲਚਸਪੀਆਂ ਬਾਰੇ ਮੈਂ ਨਹੀਂ ਜਾਣਦਾ। ਪਰ ਮੇਰੀਆਂ, ਉਹ ਫ਼ਿਲਮਾਂ, ਜਿਨ੍ਹਾਂ ਦਾ ਸੰਬੰਧ ਦੇਹਾਤੀ ਜ਼ਿੰਦਗੀ ਜਾਂ ਸਮੇਂ ਦੇ ਕਿਸੇ ਖ਼ਾਸ ਦੌਰ ਨਾਲ ਹੁੰਦਾ ਹੈ, ਮੁਲਕ ਦੇ ਬਾਹਰ ਪਸੰਦ ਕੀਤੀਆਂ ਗਈਆਂ ਹਨ। ਉਨ੍ਹਾਂ ਦੇ ਉਲਟ, ਉਹ ਫ਼ਿਲਮਾਂ ਪਸੰਦ ਨਹੀਂ ਕੀਤੀਆਂ ਗਈਆਂ, ਜਿਨ੍ਹਾਂ ਵਿਚ ਮੈਂ ਹਿੰਦੁਸਤਾਨ ਦੀ ਵਰਤਮਾਨ ਹਾਲਤ ਦਾ ਭਾਰਤੀ ਤੇ ਪੱਛਮੀ ਵਿਚਾਰਾਂ ਦਾ ਸੁਮੇਲ ਪੇਸ਼ ਕੀਤਾ ਹੈ।

ਜੇ ਫ਼ਿਲਮ ਦਾ ਵਿਸ਼ਾ ਗੰਭੀਰ ਤੇ ਉਦਾਸੀ ਭਰਿਆ ਹੋਵੇ, ਤਾਂ ਮੈਂ ਕਈ ਦਿਨਾਂ ਤਕ ਉਹੋ ਜਿਹੀ ਮਾਨਸਿਕ ਹਾਲਤ 'ਚੋਂ ਲੰਘਦਾ ਹਾਂ, ਪਰ ਫ਼ਿਲਮ ਖ਼ਤਮ ਹੁੰਦਿਆਂ ਹੀ ਮੈਂ ਉਸ ਹਾਲਤ 'ਚੋਂ ਨਿਕਲ ਆਉਂਦਾ ਹਾਂ। ਮਜ਼ਾਹੀਆ ਫ਼ਿਲਮ ਬਣਾਉਣ ਪਿਛੋਂ ਜ਼ਰੂਰੀ ਨਹੀਂ ਕਿ ਮੈਂ ਦੁਖਾਂਤ ਫ਼ਿਲਮ ਬਣਾਵਾਂ। ਹੋ ਸਕਦਾ ਹੈ ਕਿ ਮੈਂ ਸੌ ਸਾਲ ਪਹਿਲਾਂ ਦੇ ਜ਼ਮਾਨੇ ਬਾਰੇ ਕੋਈ ਫ਼ਿਲਮ ਬਣਾਵਾਂ। ਹਿੰਦੁਸਤਾਨ ਵਿਚ ਇਤਿਹਾਸਕ ਤੇ ਭੂਗੋਲਕ ਨੁਕਤੇ ਤੋਂ ਅਜਿਹੇ ਬਹੁਤ ਸਾਰੇ ਖੇਤਰ ਹਨ, ਜਿਨ੍ਹਾਂ ਬਾਰੇ ਫ਼ਿਲਮਾਂ ਬਣਾਈਆਂ ਨਹੀਂ ਗਈਆਂ ਹਨ। ਅਜਿਹੀਆਂ ਫ਼ਿਲਮਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਮੇਰੀ ਹਰ ਨਵੀਂ ਫ਼ਿਲਮ ਮੇਰੀ ਪਿਛਲੀ ਫ਼ਿਲਮ ਨਾਲੋਂ ਵਖਰੀ ਹੋਵੇ। ਮੈਂ ਆਪਣੇ ਆਪ ਨੂੰ ਦੁਹਰਾਉਣਾ ਨਹੀਂ ਚਾਹੁੰਦਾ। ■


# PAMELA

**International Travel Service**

If you want to travel to Hong Kong, Japan, India, Bangkok, Singapore, Fiji, England in fact anywhere in the world

contact us
at 4877 Main Street (near 33rd Ave.)
Vancouver, B.C.

**PHONE: 876-2248**

**HEAD OFFICE**
308 Siam Square
Bangkok, SOI 4

Other offices

**LUDHIANA:** 16—17 Lajpat Rai Mkt
P.O. Box 190

**DELHI:** 2655 Bank Street
Karol Bagh
New Delhi

ਪੈਮਿਲਾ
ਇੰਟਰਨੈਸ਼ਨਲ ਟਰੈਵਲ
ਸਰਵਿਸ
4877 ਮੇਨ ਸਟਰੀਟ
ਵੈਨਕੂਵਰ
ਫੋਨ: 876-2248

MOVIES FOREIGN EXCHANGE CONCERT

**SIHOTA DISTRIBUTORS**

MANAGER KARTAR SINGH AHLUWALIA

1391 KINGSWAY,
VANCOUVER, B.C.

PHONE:
873-4541
873-5631



**DIRECT IMPORTER**

OUR SPECIALITY IS YOUR SATISFACTION.

FOR BEST VARIETY TOP QUALITY AND LOW PRICES VISIT

# DIVENA TRADING LTD.

**6665 Main Street, Vancouver, B.C.**

NEW ADDRESS 6642 MAIN St., VANCOUVER, B. C.

SPECIALIST IN: Indian and **Japanese** — all kind of plain, printed & silk, embroidered sarees, wedding suits, silk suits, duppattas pure woolen sweaters and yard goods etc.

Top quality shirts (men) pullover cardigans and children wear from England and sport shirts, T shirts, embroidered shirts from Singapore are items of special interest and pure woolie saree $8.00 only.

**Visit today or phone right now at 324-3723 — 324-2508**

# BAINS INTERNATIONAL TRAVEL SERVICE LTD.

(MEMBER IATA)

6364 FRASER STREET
VANCOUVER 15, B.C.
TEL: 324-2277

1710 DOUGLAS STREET
VICTORIA, B.C.
TEL: 386-6363

GROUP DEPARTURE TO INDIA EVERY SATURDAY

ENQUIRE FOR OTHER SPECIAL FARES: AFFINITY GROUP, EXCURSIONS, CHARTERS LONDON, HONG KONG, SINGAPORE, FIJI OR ANY OTHER PART OF THE WORLD.

Being IATA member we can issue your ticket while you wait on any air line.

***Remember . . . One call does it all ! ! !***

ਬੈਂਸ ਟਰੈਵਲ ਸ ਰਵਿਸ ਲਿਮਟਿਡ

ਦੁਨੀਆਂ ਦੇ ਕਿਸੇ ਕੋਨੇ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ, ਦੋਸਤਾਂ ਦੇ ਮੰਗਵਾਉਣ ਲਈ ਤੁਸੀ ਸਾਨੂੰ ਆਕੇ ਦਰਸ਼ਨ ਦਿਉ। ਕਿਉਂਕੇ ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਵੇਚਦੇ ਹਾ, ਇਸ ਲਈ ਤੁਹਾਨੂੰ ਸਸਤੀਆਂ ਟਿਕਟਾਂ ਮਿਲਣਗੀਆਂ। ਪਾਸਪੋਰਟ ਤੇ ਵੀਜ਼ਾ ਲੈਣ ਵਿਚ ਪੂਰੀ ਮਦਦ ਕੀਤੀ ਜਾਵੇਗੀ। IATA ਦੇ ਮੈਂਬਰ ਹੋਣ ਕਰਕੇ ਅਸੀਂ ਤੁਹਾਨੂੰ ਉਸੇ ਸਮੇਂ ਹੀ ਟਿਕਟਾਂ ਦੇ ਸਕਦੇ ਹਾਂ ਜਦ ਤੁਸੀਂ ਬੁਕਿੰਗ ਕਰਾਉ।

## ਇਸ ਅੰਕ ਦਾ ਨਾਵਲ:

'ਮਛਲੀ ਇਕ ਦਰਿਆ ਦੀ' ਅਤੇ 'ਬੇਜ਼ਰੀ ਤੇ ਘਰੌਂਦਾ' ਤੋਂ ਬਾਅਦ 'ਪਰਦੇਸੀ ਰੁੱਖ' ਮੋਹਨ ਕਾਹਲੋਂ ਦਾ ਤੀਜਾ ਨਾਵਲ ਹੈ।

'ਆਪਣੇ ਬੰਗਾਲੇ ਹੋ ਜਾਣ ਦੇ ਸੱਲ ਦੇ ਨਾਂ' ਵਰਗੇ ਕਸਕ-ਭਰੇ ਸਮਰਪਣ ਨਾਲ ਲਿਖਿਆ; ਭਾਰਤ-ਪਾਕਿਸਤਾਨ ਦੀ ਵੰਡ ਤੇ ਆਧਾਰਤ ਇਹ ਨਾਵਲ ਉਸਦੇ ਪਹਿਲੇ ਦੋਹਾਂ ਨਾਵਲਾਂ ਤੋਂ ਪ੍ਰਸ਼ੰਸਾਯੋਗ ਹੈ।

"ਸਰਮਾਏਦਾਰ ਹਿੱਤਾਂ ਲਈ ਹੋਈ ਇਸ ਵੰਡ ਵਿੱਚ; ਧਰਮ ਦੇ ਨਾਂ ਤੇ ਕਿੰਨੀਆਂ ਕਾਲੀਆਂ-ਪੀਲੀਆਂ ਫ਼ਿਰਕਾ-ਪਰੱਸਤ ਦਾਹੜੀਆਂ ਨੇ; ਅਤੇ ਕਾਨੂੰਨ ਦੇ ਰਾਖੇ ਪੁਲਸੀਆਂ ਨੇ ਕਿਵੇਂ ਅੱਲੜ੍ਹ ਮਾਸੂਮ ਲੜਕੀਆਂ ਨੂੰ 'ਬੇਰਹਿਮ ਮੌਤ' ਅਤੇ 'ਮੌਤ ਵਰਗੀ ਜ਼ਿੰਦਗੀ' ਪ੍ਰਦਾਨ ਕੀਤੀ"– ਨਾਵਲ ਦਾ ਆਰੰਭ ਤੇ ਅੰਤ ਅੱਥਰੂਆਂ ਨੂੰ ਜੀਅ-ਆਇਆਂ ਕਹਿੰਦਾ ਹੈ। ਪ੍ਰੰਤੂ 47 ਦੀ ਕਾਲੀ-ਅਜ਼ਾਦੀ ਵਰਗੇ; ਮਨੁੱਖੀ-ਇਤਿਹਾਸ ਦੇ ਅਭੁੱਲ ਦੁਖਾਂਤ-ਕਾਂਡ ਨੂੰ ਵੀ ਕਾਹਲੋਂ ਆਪਣੇ ਪਹਿਲੇ ਨਾਵਲਾਂ ਵਾਂਗ, ਜਿਨਸੀ-ਰਿਸ਼ਤਿਆਂ ਦੇ ਵਰਨਣ ਦਾ ਸਹਾਰਾ ਬਣਾਕੇ, ਨਾਵਲ ਦੇ ਸੱਚ ਨੂੰ ਡੂੰਘੀ ਠੇਸ ਪਹੁੰਚਾਉਂਦਾ ਹੈ। ਜਾਗੀਰਦਾਰੀ ਪੁਲੀਸ ਅਤੇ ਧਾਰਮਿਕ ਅੰਧ-ਵਿਸ਼ਵਾਸ਼ ਦੀ ਪੈਦਾਵਾਰ ਸਾਧਾਂ ਤੇ ਜੋਗੀਆਂ ਦਾ ਚਿੱਤਰ ਵੀ ਉਹ, ਹਮੇਸ਼ਾਂ ਵਾਂਗ ਲਿੰਗਕ-ਰਿਸ਼ਤਿਆਂ ਵਿੱਚ ਲਪੇਟਕੇ ਪੇਸ਼ ਕਰਦਾ ਹੈ। ਇਹੋ ਉਹ ਸੁਰਿੰਦਰ ਸਿੰਘ ਕੋਹਲੀ ਦੇ ਲਿਖੇ ਲੇਖ 'ਨਵੀਨ ਪੰਜਾਬੀ ਨਾਵਲ' ਦੇ ਇਸ ਕਥਨ ਦੀ ਪੁਸ਼ਟੀ ਕਰਦਾ ਹੈ :–"... ਕਾਹਲੋਂ ਆਦਮਜ਼ਾਦ ਜੀਵਾਂ ਦੇ ਜਿਨਸੀ-ਸੰਬੰਧਾਂ ਦੀ ਅਸ਼ਲੀਲਤਾ ਤੇ ਅੱਥਰੀ ਗਤੀ ਦੇ ਤਲ ਵਿੱਚ ਤੈਰਦੀ ਮਨੁੱਖਤਾ ਦੇ ਦੁਖਾਂਤਕ ਵਿਰੋਧਾਭਾਸ ਦਾ ਨਾਵਲਕਾਰ ਹੈ।"

'ਕਾਹਲੋਂ' ਦੀ ਸ਼ੈਲੀ ਮਨਮੋਹਕ ਹੈ ਅਤੇ ਮੁਹਾਵਰਾ ਜਾਨਦਾਰ! ਪ੍ਰੰਤੂ ਆਰਥਿਕ, ਸਮਾਜਿਕ, ਰਾਜਨੀਤਕ ਤੇ ਸਾਂਸਕ੍ਰਿਤਿਕ ਸਥਿਤੀਆਂ ਤੋਂ ਮੂੰਹ ਮੋੜਕੇ ਅਜੋਕੇ ਜੀਵਨ ਨੂੰ ਉੱਪਰੀ ਸਤਾ ਤੋਂ ਵਾਚਦਿਆਂ ਸੇਧਹੀਨ ਪਾਤਰਾਂ ਦੀ ਲੋੜ, ਉਸਨੂੰ ਰੋਜ਼ਦੀ ਰੌਚਕਤਾ ਤੇ ਭਾਵਕਤਾ ਤਾਂ ਦਿੰਦੀ ਹੈ ਪ੍ਰੰਤੂ ਸੂਝੀ-ਚੇਤਨਤਾ ਦੀ ਅਭਾਵਤਾ ਕਾਰਣ ਉਸਦੀ ਰੋਈਆਂ-ਭਰੀ ਨਾਵਲ-ਕਲਾ ਨੂੰ ਹਾਲੇ ਤੱਕ ਕਿਸੇ ਸਿਰਮੌਰੀ ਪੜਾਅ ਤੇ ਨਹੀਂ ਪੁਚਾ ਸਕੀ!

ਵਿਚੋਂ ਗਏ ਅੰਤਿਮ-ਕਾਂਡ ਵਿੱਚ; ਵੰਡ ਤੋਂ ਉਪਜੇ ਜ਼ੁਲਮਾਂ ਦੀ ਸਤਾਈ ਤੇ ਪਾਗਲ ਕੀਤੀ ਨਾਵਲ ਦੀ ਨਾਇਕਾ ਸੀਮੋ ਦਾ ਦੁਖਾਂਤ (ਜਿਸਨੂੰ ਪਹਿਲਾਂ ਨਾਵਲ ਦੇ ਮਧ ਵਿੱਚ ਕਾਹਲੋਂ ਰੁਮਾਂਸ ਤੇ ਜਿਨਸੀ ਸੰਬੰਧਾਂ ਵਿੱਚ ਰੋਲ ਕਰ ਦਿੰਦਾ ਹੈ) ਆਪਣੀ ਸਿਖਰ ਤੇ ਹੈ!

(ਸੰਪਾਦਕ)

# ਪਰਦੇਸੀ ਰੁੱਖ

(ਮੋਹਨ ਕਾਹਲੋਂ)

## ਕਾਂਡ 25

'ਜਦੋਂ ਕਦੀ ਏਤਰਾਂ ਦਿਲ ਉਦਾਸ ਹੋਵੇ ਪੀ ਲਿਆ ਕਰੋ ਜੀ ਰਜਕੇ।'

'ਹੁਣ ਤੇ ਓਹ ਵੀ ਕੌੜੀ ਲਗਣ ਲਗ ਪਈ ਆ। ਪਤਾ ਨਹੀਂ......।'

'ਸ਼ਰਾਬ ਜਾਂ ਮੈਂ? ਜਨਾਨੀ ਤੋਂ ਭਾਵੇਂ ਮਨ ਰੁਕਿਆ ਜਾਵੇ, ਏਹ ਮੂੰਹ ਨੂੰ ਲਗੀ ਨੀ ਛੁਟਦੀ ਬੰਦਿਆਂ ਤੋਂ।'

'ਦੋਵੇਂ ਸਕੀਆਂ ਭੈਣਾਂ। ਇਕ ਪੀਤਿਆਂ ਚੜ੍ਹਦੀ ਆ, ਦੂਜੀ ਵੇਖਿਆਂ।'

'ਦੋ ਰੰਨਾ!'

'ਹਟ! ...ਕੁਆਰਾ ਈ ਚੰਗਾ ਸਾਂ।'

'ਲਿਆਓ ਸਿਰ ਘੁੱਟ ਦਾਂ। ......ਹਾ ਹਾਏ! ਕਿਤਰਾਂ ਹੱਥ ਪਰੇ ਛਿਣਕ ਦਿੱਤਾ।'

'ਕੁਲਾ ਪੈ ਲੈਣ ਦੇ।'

'ਪਤਾ ਹੁੰਦਾ ਐਨੀ ਛੇਤੀ ਤੁਵ੍ਹਾਡੇ ਮਨੋਂ ਲਹਿ ਜਾਣਾ......ਓ ਜਾਣੋ ਜੀਅ ਨੂੰ ਨੱਪ ਘੁਟ ਕੇ ਦਿਨਾਂ ਨੂੰ ਧੱਕੇ ਦੇ ਲੈਂਦੀ......।'

'ਹਰ ਵਖਤ ਤੁਵ੍ਹਾਡੇ, ਤੁਵ੍ਹਾਡੇ! ਤੂੰ, ਆਖਣਾ ਈ ਭੁਲ ਗਿਆ।'

'ਭੂਆ ਤੋਂ ਡਰਦਿਆਂ। ਅਖੇ ਸ਼ਰੀਕਾ ਕੀ ਆਂਖੂ ਪਈ ਕੂਣ ਬੋਲਣ ਦਾ ਵੀ ਚੱਜ ਨਹੀਂ। ਊਂ ਤੇ ਸੋਚੋ ਨਾ ਹੁਣ ਲਗਦੇ ਵੀ ਮੇਰੇ ਕੀ ਓ।'

IMPORTERS EXPORTERS WHOLESALERS RETAILERS

**ROKKO SAREES & FABRICS**

27- SUSSEX RD., SOUTH CROYDON
LONDON, ENGLAND

Phone 688-4590

OWNED AND OPERATED BY B.S. KHURANA AND SONS AND GRANDSONS

'ਸੀਮੋਂ ਨਾਂ ਸਦਦੀ ਦਿਲ 'ਚ ਲਹਿ ਜਾਂਦੀ ਹੁੰਦੀ ਸੀ। ਬੀਬੀ ਨੇ ਵੀ ਨੀ ਕਦੀ ਓਤਰਾਂ ਬਲਾਇਆ, ਬੱਲੇ......ਬੱਲੀ... ..ਪੋਲੀ ਜਿਹੀ ਜ਼ਬਾਨ... ।'

'ਹੁਣ ਹਰ ਕੋਈ ਸੀਮੋਂ ਕਿਤਰਾਂ ਬਣ ਜਾਵੇ। ਜਿਹੋ ਜਿਹੀ ਹੈਗੀ ਆਂ ਕਰ ਕਬੂਲ।'

'ਅਜ ਗੁਰਦਾਸਪੁਰ ! ਬੱਜਰੀ ਦੇ ਟਰੱਕ 'ਤੇ ਬੈਠੀ ਜਾ ਰਹੀ ਇਕ ਜਨਾਨੀ— ਇੰਨ ਬਿੰਨ......ਸੀਮੋਂ ! ਮਗਰ ਦੌੜ੍ਹਿਆ। ਵਾਜਾਂ ਦਿੱਤੀਆਂ.....,ਉਰਿਰ ਨੂੰ... । ਉਸੇ ਤਰ੍ਹਾਂ ਹੱਸੇ ਲੁਦੈਣਾ ਵਾਂਗ। ਬੈਠੀ ਬੈਠੀ ਉਠ ਖਲੋਤੀ। ਇਕ ਕਲੀਂਡਰ ਜਿਹੇ ਨੇ ਬਾਂਹੋਂ ਫੜ ਲਈ।'

'ਹੱਦ ਹੋ ਗੀ ਆ ਤੁਹਾਡੇ ਵਾਲੀ ! ਕੋਲ ਬੈਠੀ ਕਿਸੇ ਲੇਖੇ ਨਹੀਂ ਤੇ ਜਿਹੜੀ 'ਡੀਕ ਵੀ ਨਾ ਸਕੀ, ਛਡ ਕੇ ਭਜ ਗੀ ....,.ਕੋਈ ਰੋਂਦੇ ਨੂੰ ਵੇਖੇ ਤੇ ਕੀ ਆਖੇ ?'

ਚੱਕੀ ਦਰਿਆ ਦੇ ਪੁਲ ਲਾਗੋਂ ਦਿਨ ਢਲੇ ਅੰਮ੍ਰਿਤਸਰ ਵਲ ਨੂੰ ਤੁਰਣ ਲਗੇ ਇਕ ਫੌਜੀ ਬਾਡੀ ਵਾਲੇ ਟਰਕ ਦੇ ਸੀਮੋਂ ਪਿਛੇ ਲਮਕ ਗਈ।

'ਚੜ੍ਹਾਈ ਲਿਆਂ, ਚੜ੍ਹਾਈ ਲਿਆਂ ਮਾਸੀਆ ਜੋਂ. ਦਰਿਆ ਦੇ ਪਾੜ 'ਚੋਂ ਬੱਜਰੀ ਤੇ ਨਿੱਕਾ ਪੱਥਰ ਕੱਢਣ ਵਾਲੇ ਪਹਾੜੀਆਂ ਵਿਚੋਂ ਇਕ ਨੇ ਆਖਿਆ, 'ਤੁਸਾਂ ਦਾ ਈ ਕੋਈ ਬਰ੍ਹਾਊ ਛੋਡੀ ਗਿਆ ਥਾ ਇਥੂ।'

ਧਾਰੀਵਾਲ, ਟਰਕ ਡਰਾਈਵਰ. ਉਹਨੂੰ ਉਤਾਰ ਗਿਆ।

'ਓ, ਐ ਮਾਸੀ ਨੂੰ ਸਮ੍ਹਾਲਿਓ', ਟਰੱਕਾਂ ਦੇ ਅੱਡੇ 'ਤੇ ਉਹ ਇਕ ਹੋਰ ਨੂੰ ਸੋਂਪਣਾ ਕਰ ਗਿਆ। 'ਵੇਖਿਓ ਜੇ ਕੁਛ ਹੋਇਆ। ਭਰ ਲੈਣੀ ਆਂ. ਫੇਰ ਨਾ ਆਖਿਓ।'

'ਸਹੁਰਾ ਮੁੰਡਿਆਂ ਦਾ। ਬਲਾ ਸਾਡੇ ਗਲ...... ।'

'ਭੰਨ ਤੇ ਗਿੱਟੇ ਮੇਰੇ......ਖਾਖੀ ਬਰਦੀਆਂ......ਬੁਢ......ਬਲ੍ਹੇਟ। ਲੁੱਚੇ......ਮਾਵਾਂ ਨਾਲ ਸੌਂਚੇ......ਧੀਆਂ 'ਤੇ ਚੜ੍ਹਦੇ......ਲੁੱਟ ਲੋ ਸਰਕਾਰੀ ਬਰਦੀਆਂ ਪਾ ਪਾ......ਦਾਈਆਂ ਨੂੰ ਭਰੋ ਫੀਸਾਂ......ਕੁਆਰੀਆਂ ਦੇ ਹਮਲ... ।'

'ਲਓ ਛਿੜ ਪਈ ਜੇ ਮਾਸੀ। ਕਰ ਲੋ ਮੂੰਹ ਕਰਾਰਾ। ਘੰਟਾ ਅੱਧਾ ਘੰਟਾ ਤੇ ਵਾਰੀ ਲਾਊ ਹੁਣ।' '......ਕੋਠੀਆਂ ਪਾ ਲੀਆਂ......ਮੁਕਬਰੀਆਂ ਕਰਦੇ... ...ਹਿੰਦੁਸਤਾਨ ਪਾਕਸਤਾਨ ...ਟਪਾ ਦੋ ਹੱਦਾਂ......ਖੋਹ ਲੋ ਜਨਾਨੀਆਂ... ...ਕੁਤੀਆਂ ਨੂੰ ਜੰਮਿਓ......' ਤੇ ਗਲਮੇਂ 'ਚ ਹੱਥ ਪਾ ਕੇ ਕੁਰਤੇ ਦਾ ਲੰਗਾਰ ਲਾਹ ਦਿੱਤਾ।

'ਲਓ ਚੁੰਘ ਲੋ...' ਢਿਲਕੀਆਂ ਛਾਤੀਆਂ ਦੋਹਾਂ ਹੱਥਾਂ ਵਿਚ ਲੈ ਕੇ, 'ਚੱਕ ਵਢ ਖਾਓ...ਹਲਕਾਏ ਬੂਲ੍ਹੀਓ......ਬਘਿਆੜੀ ਨਸਲ ਦਿਓ...' ਛਾਤੀ ਤੋਂ ਧੁੰਨੀ ਵਲ ਨੂੰ ਪੱਟੋ ਨਾਲ ਲਕੀਰ ਖਿਚਦਿਆਂ, '...ਆਹ ਹੈਗੀ ਜੇ ਸਰਹੱਦ, ਦੀਹਦਾ ਨਹੀਂ ਚਰਨੇ ਦਾ ਦਾਤਰ ਵਗਿਆ ? ਐਧਰ ਹਿੰਦਸਤਾਨ, ਐਧਰ ਪਾਕਸਤਾਨ.' ਦੋਹਾਂ ਛਾਤੀਆਂ ਤੇ ਵਾਰੀ ਵਾਰੀ ਜ਼ੋਰ ਦੀ ਧੱਫਾ ਮਾਰ ਕੇ, 'ਕਰ ਲੋ ਰਾਜ......ਖਾਖੀ ਬਰਦੀਆਂ......ਭੰਨ ਦੋ ਗਿੱਟੇ......ਵਿਆਹੁਣ ਵਾਲੀਆਂ ਤੁਹਾਡੀਆਂ ਢਾਵਾਂ...... ਸਕੂਲੀਂ......ਕੰਧਾਂ ਟਪ ਟਪ ਜਰਾਨੇ ਲਾਉਂਦੀਆਂ...... ।' ਬਹਿ ਕੇ ਦੋਵੇਂ ਪੈਰ ਘੁਟਣ ਲਗ ਪਈ। ਇਕ ਰੇੜ੍ਹੀ ਵਾਲੇ ਨੇ ਗਲੇ ਸੜੇ ਦੋ ਕੇਲੇ ਦਿੱਤੇ।

'ਕੋਈ ਗਾਉਣ ਸੁਣਾ ਮਾਸੀ, ਰੋਂਦਾ ਰੋਂਦਾ।'

'ਕੇਲੇ ਖੁਆਲ ਖਾਂ ਦੋ ਹੋਰ। ਬੜੀ ਭੁੱਖ !' ਪਾਣੀ ਵੀ, ਕਿਥੇ ਆ ਨਲਕਾ ? ਆਪੇ ਪੀ ਲਾਂ ਗੀ।'

ਤੇ ਫਿਰ ਖੱਬਾ ਹੱਥ ਕੰਨ ਉਤੇ ਤੇ ਸੱਜੀ ਬਾਂਹ ਸਿਰੋਂ ਉੱਚੀ।

'ਕਢ ਕਲੇਜਾ ਲੈ ਗਈ ਖਾਨ ਖੀਵੇ ਦੀ ਧੀ,
ਗਜ ਗਜ ਲੰਮੀਆਂ ਮੀਢੀਆਂ......' ਵਿਚੋਂ ਹੀ ਸੁਰ ਬਦਲ ਕੇ ਚੁਟਕੀਆਂ।
ਨਾਲ ਝੂਮਣਾ।

'ਸਿਰ ਧੋ ਕੇ ਕਰਨੀ ਆਂ ਗੁੱਤ ਵੇ,
ਸਾਡਾ ਸੋਨੇ ਰੁਪਈਏ ਦਾ ਬੁਤ ਵੇ,
ਤੇਰੇ ਪਿਛੇ ਗਾਲਿਆ ਢੋਲਾ......।'

'ਕੋਈ ਮਾਹੀਏ ਦਾ ਟੱਪਾ ਵੀ ਹੋ ਜੇ।'

'ਉਹਨੂੰ ਆਖ ਖਾਂ, ...ਅੱਖੀਆਂ ਮਾਰਦਾ ਜਿਤਰਾਂ ਮਾਮੇ ਦੀ ਧੀ ਹੁੰਨੀ ਆਂ... ਮੁਰਮਰਾ ਦਵੇ।'

'ਮੈਂ ਵੀ ਝੰਕ ਰਾਂਝਣ ਦੀ ਜਾਣਾ', (ਇਸ ਵਾਰੀ ਬਹਿਕੇ), ਨਾਲ ਮੇਰੇ ਕੋਈ ਚਲੇ।

ਨੈਂ ਵੀ ਡੂੰਘੀ ਤੁਲ੍ਹਾ ਪੁਰਾਣਾ ਸ਼ੀਹਾਂ ਤੇ ਪੱਤਣ ਮੱਲੇ।
ਜੇ ਕੋਈ ਖਬਰ ਮਿੱਤਰਾਂ ਦੀ ਲਿਆਵੇ, ਉਹਨੂੰ ਹੱਥਾਂ ਦੇ ਦੇਨੀਆਂ ਛੱਲੇ।'

'ਮਾਹੀਆ ਤੇ ਸੁਣਾਇਆ ਨਾ ਤੂੰ।'

'ਵੇ ਲੈ ਸੁਣ' :

'ਸੁੱਕੇ ਪੱਤਰ ਉਜਾੜਾਂ ਦੇ,
ਸਾਡਾ ਦੁਖ ਸੁਣ ਸੁਣ ਕੇ, ਰੋਂਦੇ ਪੱਥਰ ਪਹਾੜਾਂ ਦੇ।'

MOVIES FOREIGN EXCHANGE CONCERT

**SIHOTA DISTRIBUTORS**

1391 KINGSWAY,
VANCOUVER, B.C.

PHONE:
873-4541
873-5631

MANAGER KARTAR SINGH AHLUWALIA

'ਮਾਸੀ ਹੁਣ 'ਪੀੜ' ਵੀ ਸੁਣਾ ਦੇ. ਚਾਹ ਪਿਆਲੂੰ।'

'...ਹੇ ਹੇ...ਹੇ...ਹੇ...ਹੇ ..ਮੇਰੇ ਪੀੜ. ਪੀੜ ਮੇਰੇ ਪੀੜ ਹੁੰਦੀ ਆ।'

'ਨੀ ਤੇਰੇ ਕਿਥੇ ਹੁੰਦੀ ਆ ?'

'ਮੇਰੇ ਪੀੜ ਹੁੰਦੀ ਪੈਰ. ਮੰਜਾ ਚੁੱਕ ਲੈ ਜੇ ਸ਼ਹਿਰ. ਮੇਰਾ ਡਾਕਦਾਰ ਨਾਲ ਵੈਰ...ਮੇਰੇ ਪੀੜ ਹੁੰਦੀ ਆ।'

'ਨੀ ਤੇਰੇ ਕਿਥੇ ਹੁੰਦੀ ਆ ?'

'ਵੇ ਮੈਂ ਕਿਥੇ ਕਿਥੇ ਦੱਸਾਂ, ਨਾਲੇ ਰੋਵਾਂ ਤੇ ਨਾਲੇ ਹੱਸਾਂ, ਕਿਨੂੰ ਫੱਟ ਜਿਗਰ ਦੇ ਦੱਸਾਂ. ਮੇਰੇ ਪੀੜ ਹੁੰਦੀ ਆ... ।'

ਚੁੱਪ ਹੁੰਦੀ ਤੇ ਗੱਲੀਆਂ ਵਿਚ ਫਿਰਦੀ ਕੰਧਾਂ ਨੂੰ ਧੱਕੇ ਦਿੰਦੀ ਰਹਿੰਦੀ। ਬੰਦ ਬੂਹਿਆਂ ਨੂੰ ਠਕੋਰ ਕੇ ਅਗੇ ਲੰਘ ਜਾਂਦੀ। ਖਲੋਤੀ ਖਲੋਤੀ ਬਾਂਹ ਉੱਚੀ ਕਰਕੇ ਘੁਮਾਉਣ ਲਗ ਪੈਂਦੀ। ਰਾਹ ਜਾਂਦੀ ਇਕੱਲੀ ਨੇ ਕਈ ਵਾਰ ਹੱਥ ਅੱਡੇ ਹੁੰਦੇ ਤੇ ਅੱਖਾਂ ਬੰਦ। ਗੋਡਿਆਂ ਭਾਰ ਹੋ ਕੇ ਕਿੰਨਾ ਕਿੰਨਾ ਚਿਰ ਮੱਥਾ ਜ਼ਮੀਨ ਨਾਲ ਲਾਈ ਰਖਦੀ।

ਸਿਖਰ ਦੁਪਹਿਰੇ ਟਰੈਫਿਕ ਸਿਪਾਹੀ ਜਦ 'ਡਊਟੀਓਂ' ਚਲੇ ਜਾਂਦੇ ਤਾਂ ਕਈ ਵਾਰ ਉਹ ਕਿਸੇ ਚੋਰਸਤੇ ਵਿਚ ਖਲੋ ਆਵਾਜਾਈ ਕੰਟਰੋਲ ਕਰਦੀ।

'ਖਲੋ ਜੇ !' ਮੂੰਹ ਦੀ ਸੀਟੀ, 'ਨਾ ਟਪਿਓ ਹੱਦ !' ਤੇ ਫਿਰ ਸੱਜੀ ਬਾਂਹ ਦੀ ਬੰਦੂਕ ਬਣਾ ਇਕ ਅੱਖ ਮੀਟ ਕੇ ਸ਼ਿਸਤ ਬੰਨ੍ਹਦੀ ਤੇ 'ਠਾਹ' ਦੀ ਅਵਾਜ਼ ਕੱਢਦੀ। ਤੇ ਫਿਰ ਜ਼ੋਰ ਜ਼ੋਰ ਦੀ ਹੱਸਣ ਲਗ ਪੈਂਦੀ।

ਕਈ ਵਾਰ ਮੰਡੀ ਵਿਚ ਜਾ ਮਜਮਾ ਜੋੜਦੀ। ਖਿਲਰੇ ਵਾਲਾਂ ਵਿਚੋਂ ਅੱਧਾ ਕੁ ਚਿਹਰਾ ਹੀ ਦਿਸਦਾ। ਸਾਹਮਣਾ ਉਪਰਲਾ ਇਕ ਦੰਦ ਟੁੱਟਾ ਤੇ ਇਕ ਭੁਰਿਆ ਹੋਇਆ। ਇਕ ਲੱਤ ਤੋਂ ਗੋਡੇ ਤਕ ਸਲਵਾਰ ਟੁੰਗੀ ਤੇ ਦੂਜੀ ਉਤੇ ਕੁੰਦਾ, ਪੌਂਚਾ ਅਗੋ ਪਿਛੋ ਹੋਏ ਹੁੰਦੇ। ਦੋਵੇਂ ਬਾਹਾਂ ਪਾਸਿਆਂ ਨੂੰ ਖੋਹਲ ਅੱਧੀ ਨੰਗੀ ਲੱਤ ਟੇਢੇ ਦਾਅ ਹਵਾ ਵਿਚ ਉਲਾਰ ਕਿਸੇ ਨਾਚੀ ਦੀ ਮੂਰਤੀ ਵਾਂਗ ਗੱਡੀ ਜਾਂਦੀ। ਅੱਖਾਂ ਬੰਦ ਕਰ ਲੈਂਦੀ।

'ਪੰਛੀਓ ਜਨੌਰੋ. ਆਓ ਪਾਓ ਮੇਰੇ 'ਚ ਆਲ੍ਹਣੇ। ਨਹੀਂ ਖਾਂਦਾ ਪਰਦੇਸੀ ਰੁੱਖ। ਰਾਹੀ ਮੁਸਾਫਰੋ. ਬਹਿ ਜੋ ਮੇਰੀ ਗੂਹੜੀ ਛਾਵੇਂ। ਕੁਝ ਨੀ ਚੰਬੜਦਾ।' ਤੇ ਫਿਰ ਇਕ ਦਿਨ—

ਕੰਨੀ ਮੁੰਦਰਾਂ ਤੇ ਗਲ ਹਰੇ ਚੋਗੇ ਵਾਲਾ ਸਿਰੋਂ ਪੂਰਾ ਗੰਜਾ, ਪਹਿਲਵਾਨੀ ਮੁੰਨੇ ਵਾਲਾ ਅਧਖੜ ਉਮਰ ਦਾ ਇਕ ਮੰਗਤਾ, ਰੋਟੀ ਲਾਲਚ ਦੇ ਬਾਹੋਂ ਫੜ ਉਹਨੂੰ ਕਿਧਰੇ ਲੈ ਗਿਆ।

ਬਾਕੀ ਸਫਾ 34 ਤੇ

For the latest film music from

INDIA & PAKISTAN

tune in

1470 ON YOUR AM DIAL

C. J. V. B.

The radio voice of

Cosmopolitan Vancouver

Programme

| | |
|---|---|
| THURSDAY | 8—9 P.M. |
| FRIDAY | 8—9 P.M. |
| SATURDAY | 7—9 P.M. |

BAZM—E—ADAB

Hosted by Mohd. Rafique

SATURDAY 9—10 P.M.

For advertisement and other information contact Shushma 688-9931

MOVIES FOREIGN EXCHANGE CONCERT

SIHOTA DISTRIBUTORS

MANAGER KARTAR SINGH AHLUWALIA

1391 KINGSWAY,
VANCOUVER, B.C..

PHONE:
873-4541
873-5631

**Whalley Chevron Service**
10663 King George Highway, Surrey, B.C.
Phone 581-3811 • Res. 588-4369

Chevron

ਜਿਥੇ ਕਾਰਾਂ ਦੀ ਹਰ ਤਰ੍ਹਾਂ ਦੀ ਤਸਲੀਬਖਸ਼ ਮੁਰੰਮਤ ਹੁੰਦੀ ਹੋਵੇ, ਕਾਰਾਂ ਦੇ ਹਰ ਤਰ੍ਹਾਂ ਦੇ ਪੁਰਜ਼ੇ ਮਿਲਦੇ ਹੋਣ, ਕਾਰਾਂ ਦੀ ਸਟੀਮ ਕਲੀਨਿੰਗ ਹੁੰਦੀ ਹੋਵੇ, ਹਰ ਤਰ੍ਹਾਂ ਦੀ ਗੈਸ ਮਿਲਦੀ ਹੋਵੇ ਸੈਲਫ ਸਰਵਿਸ ਹੋਵੇ, ਤਾਂ ਕਿ ਪੈਸੇ ਬਚਾਏ ਜਾ ਸਕਣ ਹਿੰਦੀ ਤੇ ਪੰਜਾਬੀ, ਅੰਗਰੇਜ਼ੀ ਬੋਲਣ ਦੀ ਪੂਰੀ ਖੁਲ੍ਹ ਹੋਵੇ ਇਸ ਤਰ੍ਹਾਂ ਦੀਆਂ ਸਾਰੀਆਂ ਸਹੂਲਤਾਂ ਲਈ ਆਪਣੀ ਕਿਸਮ ਦਾ ਇਕੋ ਇਕ ਸਰਵਿਸ ਸਟੇਸ਼ਨ ਵਾਲੀ ਪੋਸਟ-ਆਫਿਸ ਦੇ ਸਾਹਮਣੇ

# ਵਾਲੀ ਸ਼ੈਵਰਨ ਸਰਵਿਸ ਸਟੇਸ਼ਨ

ਮਾਲਕ: ਅਵਤਾਰ ਸਿੰਘ ਦਿਉਲ — 10663 ਕਿੰਗ ਜੌਰਜ ਹਾਈਵੇ, ਸਰੀ, ਬੀ ਸੀ
ਫੋਨ: ਵਰਕਸ਼ਾਪ:-581-3811, ਘਰ:-588-4369,



ਕੈਨੇਡਾ ਵਿੱਚ ਛਪਣ ਵਾਲਾ ਪੰਜਾਬੀ ਦਾ ਇਕੋ ਇਕ ਸਾਹਿਤਕ ਤੇ ਸੱਭਿਆਚਾਰਕ ਮਾਸਕ-ਪੱਤਰ

## ਵਤਨੋਂ-ਦੂਰ

ਸਾਹਿਤ ਕਲਾ ਤੇ ਆਪਸੀ-ਸੰਬੰਧਾਂ ਤੇ ਭਰਪੂਰ ਰੋਸ਼ਨੀ ਪਾਉਂਦਾ ਹੈ

ਵਤਨੋਂ-ਦੂਰ ਦੇ ਚੰਦਿਆਂ ਦਾ ਵੇਰਵਾ
ਛਮਾਹੀ:- ਤਿੰਨ ਡਾਲਰ
ਸਾਲਾਨਾ:- ਪੰਜ ਡਾਲਰ

ਪਰਚਾ ਜਾਰੀ ਕਰਵਾਉਣ ਲਈ ਹੇਠ ਦਿੱਤਾ ਕੂਪਨ ਭਰਕੇ ਭੇਜੋ

ਕਿਰਪਾ ਕਰਕੇ ..... ਛਮਾਹੀ/ਸਾਲ ਲਈ ਵਤਨੋਂ-ਦੂਰ ਜਾਰੀ ਕਰਕੇ ਧੰਨਵਾਦੀ ਬਣਾਓ ਮੈਂ $....... ਦਾ ਚੈਕ ਜਾਂ ਕੈਸ਼ ਭੇਜ ਰਿਹਾ ਹਾਂ / ਰਹੀ ਹਾਂ

**ਮੇਰਾ ਪਤਾ**
..............................
..............................
..............................

## ਰੱਬ ??

ਸਾਧੂ
(Burnaby, B. C.)

ਜੇ ਸੜਕਾਂ ਤੇ ਸੌਣਾ
ਜ਼ਿੰਦਗੀ ਭਰ ਭੁੱਖੇ ਮਰਨਾ
ਲੇਖਾਂ ਵਿੱਚ ਲਿਖਿਆ ਜਾਂਦਾ ਹੈ ਜਨਮ ਵੇਲੇ
ਤਾਂ ਕਿਉਂ ਨਹੀਂ
ਰੱਬ ਉਸ ਲੇਖਕ ਨੂੰ ਬਦਲ ਦਿੰਦਾ
ਜੋ ਸਦੀਆਂ ਤੋਂ ਗੰਦੀ ਕਲਮ ਚਲਾ ਰਿਹਾ ਹੈ।
ਰੱਬ ਵੀ, ਜਿਵੇਂ ਕਿ ਇਕ ਸਾਧਾਰਣ ਬੰਦਾ
ਕਰੇ ਪਿਆਰ ਕਿਸੇ ਨੂੰ
ਨਫ਼ਰਤ ਕਿਸੇ ਨੂੰ
ਇਕ ਸਾਧਾਰਣ ਬੰਦੇ ਨੂੰ ਪੂਜਣਾ
ਸਾਹਾਂ ਨੂੰ ਵਿਅਰਥ ਗੁਆਉਣਾ
ਕਿਉਂ ਸਿਖਾਂਦੇ ਨੇ ਇਹ ਮਜ਼ਬੀ ਠੇਕੇਦਾਰ ?

ਜੇ ਰੱਬ ਦਾ ਮੰਦਰ ਹੈ ਘਰ ਇਨਸਾਫ਼ ਦਾ
ਤਾਂ ਕਿਉਂ ਨਹੀਂ
ਉਹ ਵੱਡੀਆਂ ਗੋਗੜਾਂ 'ਚੋਂ ਕੱਢ ਕੇ
ਮਾਸ ਦੀਆਂ ਕੁਝ ਬੋਟੀਆਂ
ਵੰਡ ਦਿੰਦਾ ਉਨ੍ਹਾਂ ਹੱਡੀਆਂ ਦੀਆਂ ਕਤਾਰਾਂ ਨੂੰ
ਜੋ ਰਹਿੰਦੀਆਂ ਨੇ ਮੰਦਰ ਦੇ ਸਾਹਮਣੇ ?

ਜੇ ਰੱਬ ਹਰ ਜੀਵ ਵਿੱਚ ਹੈ
ਤਾਂ ਕਿਉਂ ਉਹ
ਨੋਚਿਆ, ਕੋਹਿਆ, ਮਾਰਿਆ, ਵੇਚਿਆ
ਤੇ ਖਰੀਦਿਆ ਜਾ ਰਿਹੈ ?
ਕਿਉਂ ਪੈ ਰਿਹਾ ਹੈ ਮੁਠੀ ਭਰ ਆਟੇ ਲਈ
ਬੇਰਹਿਮੀਆਂ ਦੇ ਥੱਲੇ, ਤੇ ਕਿਤੇ
ਮਰ ਰਿਹਾ ਜੰਮਦਾ ਹੀ ਭੁੱਖੇ ਪੇਟ ??

## ਰੁਤਬਾ

ਸੁਰਜੀਤ ਸੁਰਤੀ

ਮੁਖੌਟਿਆਂ ਦੇ ਦੇਸ਼ ਵਿਚ
ਫਿਰੀ ਹੈ ਰੂਹ ਮੇਰੀ ਵੀ
ਬੜੇ ਅਜਨਬੀ ਭੇਸ ਵਿਚ
ਉਹ ਹੱਸਦੇ ਤੇ ਮੁਸਕਾਂਦੇ ਵੀ
ਸਿਰਫ ਦੂਸਰਿਆਂ ਉੱਤੇ।
ਉਹ ਕਦੀ ਆਪਣੇ ਹੱਸਦੇ ਮੁਖੌਟੇ
ਪਿੱਛੇ ਝਾਤ ਮਾਰਕੇ ਨਹੀਂ ਹੱਸੇ
ਕਿੰਨਾ ਹਨੇਰਾ ਉਥੇ
ਕਿੰਨਾ ਛੱਲ ਉਥੇ
ਕਿੰਨਾ ਸੱਚ ਉਥੇ
ਕਿੰਨੀ ਚੁੱਪ, ਕਿੰਨਾ ਸਹਿਮ ਉਥੇ!

ਇਕ ਫਟੇ ਮੁਖੌਟੇ ਦੇ
ਸੁਰਾਖ 'ਚੋਂ ਇਕ ਵਾਰ ਝਾਕਿਆ
ਰੂਹ ਮੇਰੀ ਨੇ ਇਕ ਦਿਨ
ਸੱਚਮੁੱਚ ਉਥੇ ਦੁੱਖ ਦਾ ਬੱਦਲ
ਸ਼ਾਮ ਦਾ ਹਨੇਰਾ ਸੀ
ਇਕ ਖਾਮੋਸ਼ ਤੜ੍ਹਪ ਸੀ
ਨਿੱਘ, ਅਪਣੱਤ ਤੇ ਦੋਸਤੀ ਲਈ
ਪਰ.... ਉਹ ਇਕ ਵੱਡਾ ਅਫਸਰ ਸੀ!!

## ਬੁਝਿਆ ਦੀਵਾ

ਨਰਿੰਦਰ ਭਾਗੀ
(Vancouver, B. C.)
(ਵਿੱਛੜੀ ਮਾਂ ਦੀ ਯਾਦ ਵਿੱਚ)

ਜੀਵਨ ਦੀ ਬੇ ਪੱਧਰੀ ਰਾਹ ਤੇ
ਜਦ ਜਦ ਵੀ ਕੋਈ ਬਚਪਨ ਡਿਗਿਆ
ਮਮਤਾ ਨੇ ਇੱਕ ਹੌਕਾ ਭਰਕੇ
ਹਰ ਠੇਡਾ ਜਦ ਹਿੱਕ ਤੇ ਜਰਿਆ

ਕੋਰੇ ਦੀ ਠੰਢਿਆਈ ਦੇਹ ਨੂੰ
ਬੁਲ੍ਹਾਂ ਚੁੰਮ ਜਦ ਕੋਸਾ ਕੀਤਾ
ਤਪਦੇ ਸੂਰਜ ਸੌਂਹੇਂ ਦੇਹ ਕਰ
ਧੁਪੋਂ ਜਦ ਪਰਛਾਵਾਂ ਕੀਤਾ

ਧਰਤੀ ਵਰਗੀ ਚੌੜੀ ਹਿੱਕ ਤੇ
ਜਦ ਜਦ ਵੀ ਕੋਈ ਤੁਰਨਾ ਸਿਖਦਾ
ਵੇਲੇ ਦੀ ਹਰ ਠੋਕਰ ਹੱਥੋਂ
ਮੰਜ਼ਿਲ ਦੇ ਬੂਹਾਂ ਤੇ ਡਿਗਦਾ

ਜਦ ਜਦ ਵੀ ਮੰਜ਼ਿਲ ਰਾਹੀ ਨੂੰ
ਉਂਗਲ ਫੜ ਫੜ ਰਾਹੀ ਪਾਉਂਦੀ
ਰਾਤਾਂ ਦੀ ਕਾਲੀ ਸਿਆਹੀ ਵਿੱਚ
ਦਿਲ ਸੁਲਘਾ ਕੇ ਰਾਹ ਦਿਖਲਾਉਂਦੀ।

ਉਸ ਵੇਲੇ ਦੰਦਾਂ ਵਿੱਚ ਆ ਕੇ
ਰਹਿ ਜਾਂਦੇ ਬੁਲ੍ਹ ਸੀਤੇ ਮੇਰੇ
ਅੱਖਾਂ 'ਚੋਂ ਖਬਰੇ ਕੀ ਡਿਗਦਾ
ਤੁਰ ਜਾਂਦਾ ਜ਼ਖ਼ਮਾਂ ਨੂੰ ਛਿਲਦਾ

ਟੁਟ ਜਾਂਦਾ ਹਰ ਸੁਪਨਾ ਮੇਰਾ
ਹੱਥ ਡੱਕਿਆ ਦਿਲ ਤੇ ਡਿੱਗ ਪੈਂਦਾ
ਜੀਵਨ ਦੇ ਮੋੜਾਂ ਤੇ ਰੁਕਿਆ
ਮੈਂ ਆਪਣੇ ਗੱਲ ਲੱਗ ਰੋ ਲੈਂਦਾ
ਏਨਾ ਕਹਿਕੇ, ਬੱਸ ਇਹ ਕਹਿਕੇ :
'ਮੇਰੀ ਵੀ ਇੱਕ ਮਾਂ ਹੁੰਦੀ ਸੀ

## ਬੇ-ਵਸੀ

ਸੁਰਦੇਵ ਸਟਾਣਾ

ਭਾਵੇਂ ਸਾਂ ਮੈ ਭੁੱਖੀ ਸੌਂਦੀ,
ਭਾਵੇਂ ਸਭ ਕੁਝ ਸੁਣਨਾ ਪੈਂਦਾ।
ਭਾਵੇਂ ਕੰਮ ਸੀ ਲੱਕ-ਤੋੜਵਾਂ,
ਭਾਵੇਂ ਹਰ ਕੋਈ ਦੂਰ-ਦੂਰ ਕਹਿੰਦਾ।
ਕੋਈ ਨਹੀਂ ਸੀ ਆਪਣਾ ਦਿਸਦਾ
ਕਿਸ ਕੋਲ ਫਰਿਆਦ ਸੁਣਾਦੀ।
ਅਜ ਉਹ ਸਭ ਕੁਝ ਚੰਗਾ ਲਗਦਾ,
ਪਰ ਹੁਣ ਮੇਰੀ ਪੇਸ਼ ਨਾ ਜਾਂਦੀ!
ਸੁਪਨੇ ਵਿਚ ਜੋ ਸਵਰਗ ਸੀ ਤੱਕਿਆ
ਪੂਰਾ ਉਹ ਹੁੰਦਾ ਨਹੀਂ ਦਿਸਦਾ।
ਅੰਮ੍ਰਿਤ ਜਿਸ ਨੂ ਸਮਝਿਆ ਸੀ ਮੈਂ,
ਨਿਕਲਿਆ ਉਹ ਪਿਆਲਾ ਵਿੱਸ ਦਾ।
ਡੋਲ੍ਹ ਦਿਆਂ ਜਾਂ ਗਟ-ਗਟ ਪੀ ਲਾਂ
ਅਜ ਇਹ ਮੈਨੂੰ ਸਮਝ ਨਾ ਆਂਦੀ।
ਜੰਮਦੀ ਹੀ ਹਾਏ ਕਿਉਂ ਨਾ ਮਰ ਗਈ
ਪਰ ਹੁਣ ਮੇਰੀ ਪੇਸ਼ ਨਾ ਜਾਂਦੀ।
ਰੋਗ ਮੇਰਾ ਕੋਈ ਸਮਝ ਨਾ ਸਕਿਆ,
ਹਰ ਕੋਈ ਜੋਗੀ ਨਬਜ਼ਾਂ ਟੋਹ ਗਿਆ।
ਜ਼ਖ਼ਮ ਮੇਰਾ ਇਹ ਭਰਨ ਦੀ ਥਾਵੇਂ,
ਆਖਰ ਅਜ ਨਸੂਰ ਹੋ ਗਿਆ।
ਜਿਊਣਾ ਹੋਇਆ ਵੱਸ ਤੋਂ ਬਾਹਰ,
(ਹਾਂ) ਮੌਤ ਦੇ ਨਾਂ ਤੋਂ ਵੀ ਘਬਰਾਂਦੀ।
ਅਜ ਉਹ ਕੌੜਾ ਮਿੱਠਾ ਲਗਦਾ,
ਪਰ ਹੁਣ ਮੇਰੀ ਪੇਸ਼ ਨਾ ਜਾਂਦੀ।

IMPORTERS EXPORTERS WHOLESALERS RETAILERS
ROKKO SAREES & FABRICS
OWNED AND OPERATED BY B. S. KHURANA AND SONS AND GRANDSONS
635-BLOOR STREET WEST. TORONTO.
ONTARIO. CANADA
Phone
533-1106

## ਮਨ-ਬੋਲ

ਕਰਮਜੀਤ 'ਘੁਮਾਣ'

ਚਿਰ ਪਿਛੋਂ ਅੱਜ ਮੇਰੀ ਕਲਮ ਨੇ ਫਿਰ
ਜ਼ਬਾਨ ਖੋਲੀ ਹੈ।
ਅਜ ਮੈਂ ਫਿਰ ਕਾਗਜ਼ ਦੀ ਹਿੱਕੜੀ ਤੇ
ਤੇਰੇ ਪਿਆਰ ਦੀ ਦਾਸਤਾਂ ਫੋਲੀ ਹੈ।

ਕੁਝ ਅਰਸਾ ਹੋਇਆ,
ਜਦ ਤੋਂ ਮੇਰੇ ਚਾਵਾਂ ਨੂੰ ਜ਼ਿਬ੍ਹਾ ਕੀਤਾ ਸੀ
ਤੇ
ਤੈਂ ਆਪਣੀ ਖੰਡਰ-ਚੁਪ ਨਾਲ ਮੇਰਾ
ਬੋਲ ਪੀਤਾ ਸੀ
ਮੈਂ ਉਸ ਬੋਲ ਦੀ ਪੀੜ ਨੂੰ ਲੈ ਕੇ
ਆਪਣੇ ਅੰਦਰ ਸੁਲਗਦਾ ਵੈਰਾਗ
ਕੀਤਾ ਸੀ।

ਫਿਰ ਮੈਂ ਗੂੰਗਾ ਹੋਇਆ,
ਸਧਰਾਈਆਂ ਨਜ਼ਰਾਂ ਨਾਲ ਤੈਥੋਂ
ਪੁਛਦਾ ਰਿਹਾ
ਤੇ ਆਪਣੇ ਜੁਰਮ ਦੀ ਭਾਲ ਵਿਚ
ਤੇਰੀ ਚੁਪ ਦੇ ਸਾਏ ਲਈ ਲੁੱਛਦਾ ਰਿਹਾ
ਪਰ ਤੇਰੇ ਤਿੜ੍ਹਕੇ ਸਾਏ ਨੂੰ ਦੇਖ
ਮੈਂ ਆਪਣੇ ਆਪ 'ਚੀਂ ਹੁਸਦਾ ਰਿਹਾ।

ਉਸ ਤੋਂ ਬਾਅਦ,
ਮੇਰੇ ਜ਼ਿਹਨ 'ਚ ਇਕ ਸਾਗਰ ਨੇ
ਸਾਹ ਭਰਿਆ
ਮੈਂ ਆਪਣੀ ਸੋਚ ਦੇ
ਇਕ ਚਮਕਾਰੇ ਤੋਂ ਡਰਿਆ
ਉਸ ਚਮਕਾਰੇ ਦੀ ਕਸ਼ਮਕਸ਼ ਵਿਚ
ਮੈਂ ਆਪਣੇ ਆਪ ਤੋਂ ਮਰਿਆ।
ਚਿਰਾਂ ਥੀਂ,
ਮੇਰੀ ਲਾਸ਼ ਗ਼ਮ ਦੇ ਟੋਏ ਵਿਚ ਪਈ ਰਹੀ
ਤੇ ਮੇਰੀ ਜੀਭ ਰੋਕਾਂ ਦੀ ਦੰਦਵੀੜ੍ਹ
ਹੇਠਾਂ ਲਈ ਰਹੀ
ਤੇ ਮੇਰੀ ਸਾਹਸੀ-ਰੂਹ
ਮੇਰੇ ਵਜੂਦ 'ਚੋਂ ਗਈ ਰਹੀ।

ਹੁਣ ਦੋਬਾਰਾ,
ਮੇਰੇ ਲਬ ਉਸੇ ਵੈਰਾਗ 'ਚ ਫਰਫਰਾਏ ਨੇ
ਤੇ ਮੇਰੇ ਮੋਏ ਬੋਲ 'ਚ
ਮੁੜ ਗੁਆਚੇ ਸਾਹ ਆਏ ਨੇ
ਅੱਜ ਫੇਰ ਮੈਂ ਆਪਣੀ ਜੀਭ ਤੋਂ
ਰੋਕਾਂ ਦੇ ਨਸ਼ਤਰ ਹਟਾਏ ਨੇ।
ਮੈਂ ਕੋਰੇ ਕਾਗਜ਼ ਤੇ
ਤੇਰੇ ਪਿਆਰ ਦੀ ਦਾਸਤਾਂ ਫੋਲੀ ਹੈ।
ਮੇਰੀ ਕਲਮ ਅਜ
ਮੇਰੇ ਮਨ ਦੇ ਬੋਲ ਬੋਲੀ ਹੈ।

•——•

## ਮੇਰੀ ਦੁਨੀਆਂ

ਲਾਟ
(Kamloops, B. C.)

ਮੇਰੀ ਉਹ ਦੁਨੀਆਂ ਏ
ਜੋ ਚਿਰਾਂ ਤੋਂ ਪਿਆਸੀ ਏ
ਜਿੱਥੇ ਹਰ ਜ਼ੱਰੇ ਦੇ
ਬੁਲ੍ਹਾਂ ਤੇ ਉਦਾਸੀ ਏ।

ਖਿੜਨੇ ਤੋਂ ਪਹਿਲਾਂ ਹੀ
ਕਲੀਆਂ ਲਈ ਭੌਰੇ ਨੇ
ਹੁਸਨਾਂ ਦੇ ਬੁਲ੍ਹਾਂ ਤੇ
ਆਹਾਂ ਹਟਕੋਰੇ ਨੇ! →

← ਮੇਰੇ ਇਸ ਸੁਪਨੇ ਦੀ
ਦੁਨੀਆਂ ਇੰਝ ਵਸਦੀ ਏ
ਦੁਖਾਂ ਦੇ ਗਗਨ ਥੱਲੇ
ਗ਼ਮ ਹੀ ਗ਼ਮ ਵੰਡਦੀ ਏ।

ਮੇਰੀ ਇਹ ਵਸਤੀ ਏ
ਮੇਰਾ ਇਹ ਵਾਸਾ ਏ
ਜਿੱਥੇ ਸਭ ਬੁਲ੍ਹਾਂ ਦਾ
ਹਰ ਗੀਤ ਨਿਰਾਸ਼ਾ ਏ। ■

## ਦੋਸਤੀ ਦਾ ਨਗ਼ਮਾ

ਜਗਤਾਰ 'ਸੰਧੂ'

ਕਿਸਨੂੰ ਸੁਣਾਵਾਂ ਗੱਲ ਨਾ ਛਪਾਉਣ ਦੀ
ਕਿਤਨੀ ਖੁਸ਼ੀ ਏ ਯਾਰ ਤੇਰੇ ਆਉਣ ਦੀ!
ਉਠਿਆ ਏ ਰੰਗ ਕੋਈ ਮੇਰੀ ਤਦਬੀਰ 'ਚੋਂ
ਇਹੋ ਹੀ ਸੁਹਾਣਾ ਪਲ ਮੇਰੀ ਤਕਦੀਰ 'ਚੋਂ
ਇਕ ੨ ਕਦਮ 'ਚ ਦਿਲ ਨੂੰ ਵਿਛਾਉਣ ਦੀ
ਕਿਤਨੀ ਖੁਸ਼ੀ......

ਹੱਸਣ ਹਵਾਵਾਂ ਤੇ ਖਿੜੀਆਂ ਨਬੀਦਾਂ
ਰਾਤ ਨੂੰ ਬਰਾਤਾਂ ਤੇ ਦਿਨ ਵੇਲ਼ੇ ਈਦਾਂ
ਦਿਲ ਦੀ ਮੁਬਾਰਕ ਮਹਿਫ਼ਲ ਨੂੰ ਸਜਾਉਣ ਦੀ
ਕਿਤਨੀ ਖੁਸ਼ੀ......

ਚਰਚੇ ਨੇ ਜਿਸਦੇ ਚਾਰ-ਚੁਫ਼ੇਰੇ
ਬਖਸ਼ਿਸ਼ ਤੇਰੀ ਤੇ ਜਿਸਦੇ ਮੇਰੇ
ਛਡਕੇ ਖ਼ੁਦਾ ਪਹਿਲੋਂ ਯਾਰ ਨੂੰ ਮਨਾਉਣ ਦੀ
ਕਿਤਨੀ ਖੁਸ਼ੀ......

ਸ਼ੋਖ਼ ਇੱਛਾਵਾਂ ਪੂਰੀਆਂ ਗਈਆਂ
ਮਿਲ ਪਏ ਦਿਲ ਸਭ ਦੂਰੀਆਂ ਗਈਆਂ
'ਸੰਧੂ' ਦਾ ਨਗ਼ਮਾ ਪੜ੍ਹਕੇ ਸੁਣਾਉਣ ਦੀ
ਕਿਤਨੀ ਖੁਸ਼ੀ ਏ ਯਾਰ ਤੇਰੇ ਆਉਣ ਦੀ।

•——•

LISTEN TO

SAAZ - AWAZ

Newly featured program of
Hindi and Panjabi music
ON

KISM (FM 93 BELLINGHAM)

EVERY SUNDAY
From 11.00 A.M.—12 noon

For further information contact:
Phone 437-8865 298-2961

ਤੁਹਾਡਾ ਮਨ-ਪਸੰਦ
ਹਿੰਦੀ-ਪੰਜਾਬੀ ਰੇਡੀਓ ਪ੍ਰੋਗਰਾਮ

ਸਾਜ਼ ਔਰ ਆਵਾਜ਼

KISM (FM 93 BELLINGHAM)

ਹਰ ਐਤਵਾਰ
ਸਵੇਰੇ 11 ਵਜੇ ਤੋਂ ਦੁਪਹਿਰ 12 ਵਜੇ ਤੱਕ

ਕਿਸੇ ਤਰ੍ਹਾਂ ਦੀ ਜਾਣਕਾਰੀ ਲਈ:
ਫ਼ੋਨ
437-8865 298-2961

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
1391 KINGSWAY,
VANCOUVER, B.C.
PHONE:
873-4541
873-5631

**LISTEN TO**

**Your Favourite Hindi and Punjabi Radio Program**

**INDIA TODAY AND TOMORROW**

on

**KERI FM STEREO 104.3 mHz**

**Cablevision 90.7 FM**

Every Wednesday 6:00 p.m. to 7:00 p.m.
Every Thursday 6:00 p.m. to 8:00 p.m.
Every Friday 6:00 p.m. to 8:00 p.m.
Every Saturday 10 a.m. to 12 noon – 6 p.m. to 8 p.m.
Every Sunday 8 am. to 9:30 a.m. – 2 p.m. to 8 p.m.

**The programme consists of latest Indian music, cultural programme, also news from India and local community.**

We will be happy to provide the opportunity to any member of the community to offer felicitious message to friends and relatives on auspicious occasions such as marriages, birthdays, etc.

We will also welcome businessmen and firms who wish to advertise their services and products. Interested parties may phone or write for further information on advertising rates and advice in making up the best possible advertisement for you.

## Sponsored By

# INDIA NEWS AND VIEWS

PUBLICATION SERVING NORTH AMERICA SINCE 1954

OFFICE:
2202 Main Street
Vancouver, B.C.
Canada

TELEPHONE:
873-3878 - 9

MAILING ADDRESS:
P.O. Box 24658
Vancouver, B.C. V5T 4E2
Canada

ਸਦਾਈ ਕਾਲਮ

## ਸੰਜੀਵਨੀ ਬੂਟੀ

(ਹਾਸ ਰਸ)

ਅਨੰਤ ਸਿੰਘ ਕਾਬਲੀ ਪੰਜਾਬੀ ਹਾਸ-ਰਸ ਦੇ ਸ੍ਰੋਮਣੀ ਲਿਖਾਰੀਆਂ ਵਿਚੋਂ ਹਨ ਜਿਨਾ ਕਵਿਤਾ, ਕਹਾਣੀ, ਅਤੇ ਲੇਖ ਉਪਰ ਬੜੇ ਸੁਚੱਜੇ ਢੰਗ ਨਾਲ ਕਲਮ ਅਜਮਾਈ ਹੈ। ਬਨਫਸ਼ੇ ਦੇ ਫੁੱਲ ਵਾਂਗ ਛੁਪਕੇ ਮਹਿਕਣ ਵਾਲੇ ਅਨੰਤ ਜੀ ਹੁਰਾਂ ਜਦ ਜਾਚਿਆ ਕਿ ਦੋਸਤਾਂ ਉਜਾਗਰ ਕਰਨ ਲਈ 'ਢਠ ਖੂਹ ਤੱਕ ਪਿੱਛਾ ਕਰਨਾ' ਮਿਥ ਲਿਆ ਹੈ ਤਾਂ ਦੋ ਬੁੱਕ ਫੁੱਲਾਂ ਦੇ 'ਹਸੰਦਿਆਂ ਖਲੰਦਿਆਂ' ਨਾਂ ਦੀ ਪੋਟਲੀ ਵਿਚ ਲਪੇਟ ਚਾਹਵਾਨਾ ਦੀ ਝੋਲੀ ਪਾ ਦਿੱਤੇ ਅਤੇ ਕੁਝ ਹੋਰ ਪਟਲੀਆਂ ਦੀ ਆਸ ਵੀ ਛੇਤੀ ਹੀ ਰਖੀ ਜਾ ਸਕਦੀ ਹੈ।

ਉਮੀਦ ਹੈ ਅਨੰਤ ਜੀ ਲੰਗੇ ਡੰਗ ਇਕ-ਅੱਧ ਫੁੱਲ 'ਵਤਨੋਂ ਦੂਰ' ਮਾਲ੍ਹਾ' ਵਿਚ ਵੀ ਪ੍ਰੋਂਦੇ ਰਹਿਣਗੇ।

ਅਨੰਤ ਸਿੰਘ ਕਾਬਲੀ

ਜੋੜੀ ਉਹਨਾਂ ਨੂੰ ਆਖੀਏ, ਜੋ ਵਖਰੇ ਵਖਰੇ ਬਹਿਣ
ਦੋ ਜੋਤਾਂ, ਦੋ ਮੂਰਤਾਂ, ਹਰਦਮ ਲੜਦੇ ਰਹਿਣ ।

# ਉਲਟੀ ਸਿਖਿਆ

ਧੀਆਂ ਧੰਨ ਬੇਗਾਨਾ ਦੇ ਵਾਕ ਅਨੁਸਾਰ ,
ਸਮਝ ਰਖਿਆ ਪਰਾਇਆ ਸੀ ਮਾਲ ਤੈਨੂੰ ।
ਡਾਢੇ ਏਸ ਮਹਿੰਗਾਈ ਦੇ ਸਮੇ ਅੰਦਰ ,
ਡਾਢੇ ਵਖਤਾਂ ਨਾਲ ਦਿੱਤਾ ਏ ਪਾਲ ਤੈਨੂੰ ।
ਤੇਰੇ ਅਗੇ ਕੀ ਝੂਠ ਅਸੀਂ ਬੋਲਣਾ ਏਂ ,
ਰਖ ਸਕਦੇ ਨਹੀਂ ਹੋਰ ਅਸੀਂ ਨਾਲ ਤੈਨੂੰ !
ਜਿਹੋ ਜੇਹੀ ਤੂੰ ਏਂ ਬਿਲਕੁਲ ਓਹੋ ਜਿਹਾ ,
ਵਰ ਦਿੱਤਾ ਏ ਅਸਾਂ ਹੁਣ ਭਾਲ ਤੈਨੂੰ ।
ਕਰ ਕਰ ਫਿਕਰ ਵਿਆਹ ਦਾ ਨਿਤ ਤੇਰੇ ,
ਕਿਤਨਾ ਖ਼ੂਨ ਹੈ ਸੀ ਸਾਡਾ ਸੁਕ ਗਿਆ ।
ਆਖ਼ਰ ਇਹ ਵੀ ਰਬ ਨੇ ਸਾਡੀ ਸੁਣ ਹੀ ਲਈ ,
ਆਖ਼ਰ ਇਹ ਵੀ ਸਿਆਪਾ ਹੈ ਮੁਕ ਗਿਆ ।

ਲਾਡਾਂ ਪਾਲੀਏ, ਭੁਲ ਜਾ ਲਾਡ ਸਾਰੇ ,
ਜੋ ਕੀਤੀ ਮਾਣੇ ਨੀ ਬਾਬਲ ਦੇ ਰਾਜ ਅੰਦਰ ।
ਕੰਮ ਕੌਡੀ ਦਾ ਨਹੀਂ ਸੈਂ ਤੂੰ ਕਦੇ ਕਰਦੀ ,
ਜੀਅ ਲਗਦਾ ਨਾ ਤੇਰਾ ਕੰਮ ਕਾਜ ਅੰਦਰ ।

ਗੀਤ ਗਾਂਦੀ ਸੈਂ ਜਿਹੜੇ ਉਹ ਵੀ ਯਾਦ ਰਹਿਸਣ,
ਖੌਫ ਭਰਿਆ ਏ ਤੇਰੀ ਆਵਾਜ਼ ਅੰਦਰ ।
ਹੂੰਝਾਂ ਫੇਰ ਚਲੀ ਏਂ, ਫਿਰ ਵੀ ਖੁਸ਼ ਨਹੀਂ ਏਂ ,
ਹੋਰ ਸਾਨੂੰ ਵੀ ਲੈ ਜਾ ਅਪਣੇ ਦਾਜ ਅੰਦਰ ।
ਸਾਡੇ ਖਰਚ ਵਾਲਾ ਕੂੰਡਾ ਹੋ ਗਿਆ ਏ ,
ਤੇਰੇ ਵਿਆਹ ਪਿਛੋਂ ਬਟੂਆ ਛੰਡ ਦਿਆਂਗੇ ।
ਜਿਹੜਾ ਭੋਰ ਮਠਿਆਈ ਦਾ ਰਹਿ ਗਿਆ ਏ ,
ਡੋਲੀ ਟੁਰਨ ਪਿਛੋਂ ਉਹ ਵੀ ਵੰਡ ਦਿਆਂਗੇ ।

ਅਜ ਕਲ ਗਲਾਂ ਦਾ ਖਟਿਆ ਖਾਈ ਦਾ ਏ ,
ਗਲਾਂ ਸਾਡੀਆਂ ਤੂੰ ਵੀ ਦੋ ਚਾਰ ਲੈ ਜਾ ।
ਸਚ ਫਲਦਾ ਨਹੀਂ ਜਹਾਨ ਅੰਦਰ ,
ਪੰਡ ਝੂਠ ਦੀ ਸਾਥੋਂ ਉਧਾਰ ਲੈ ਜਾ ।
ਭੋਲੇ ਭਾਲੇ ਨੂੰ ਨਹੀਂ ਕੋਈ ਜੀਣ ਦੇਂਦਾ ,
ਹੇਰਾ ਫੇਰੀਆਂ ਝੂਠਾ ਪਿਆਰ ਲੈ ਜਾ ।
ਕੋਈ ਚਜ ਆਚਾਰ ਨਹੀਂ ਕੋਲ ਸਾਡੇ ,
ਸਾਡੇ ਕੋਲੋਂ ਤੂੰ ਅੰਬ ਦਾ ਅਚਾਰ ਲੈ ਜਾ ।
ਕਾਹਨੂੰ ਐਡਾ ਵਿਛੋੜੇ ਦਾ ਗ਼ਮ ਲਾਵੇਂ ,
ਰੋ ਰੋ ਅਖੀਆਂ ਲਾਲ ਕਿਉਂ ਕਰਨ ਲਗੀ ਏਂ ।
ਨਦੀ ਨਾਵ ਸੰਜੋਗੀ ਮੇਲੇ ਫੇਰ ਹੱਸਣ ,
ਵਿਆਹੀ ਜਾ ਰਹੀਂ ਏਂ, ਕਿਹੜਾ ਮਰਨ ਲਗੀ ਏਂ ।

ਅਪਣੀ ਗੰਢ ਦੀ ਸਦਾ ਤੂੰ ਰਹੀਂ ਪਕੀ ,
ਜੀ ਜੀ ਸਭ ਦੇ ਕੋਲੋਂ ਅਖਵਾਈ ਰਖੀਂ ।
ਵੱਟ ਕਢ ਦੇਵੀਂ ਅਪਣੇ ਸੋਹਰਿਆਂ ਦੇ ,
ਵੱਟ ਆਪਣੇ ਮਥੇ ਤੇ ਪਾਈ ਰਖੀਂ ।
ਮਿਠੇ ਬੋਲਾਂ ਦੇ ਵਿਚ ਹੈ ਕੀ ਰਖਿਆ ,
ਜ਼ਬਾਨ ਕੈਂਚੀ ਦੇ ਵਾਂਗ ਚਲਾਈ ਰਖੀਂ ।
ਬੁੱਧੂ ਬਣਨ ਦਾ ਕੋਈ ਜ਼ਮਾਨਾ ਨਹੀਂ ਏਂ ,
ਏਧਰ ਲਾਈਂ ਤੇ ਓਧਰ ਬੁਝਾਈ ਰਖੀਂ ।
ਪੂਜਾ ਪਾਠ ਵੀ ਕੰਮ ਹੈ ਬੁਢਿਆਂ ਦਾ ,
ਬੇਸ਼ਕ ਸਿਨਮਾ ਦੇ ਵੇਖ ਕੋਈ ਸ਼ੋ ਆਉਣਾ ।
ਕਦੇ ਕਦੇ ਗੁਰਦੁਆਰੇ ਵੀ ਹੋ ਆਉਣਾਂ ,
ਭਾਵੇਂ ਕੜਾਹ ਦੇ ਪਿਛੇ ਹੀ ਹੋ ਆਉਣਾ ।

ਕੰਡੇ ਸਦਾ ਨੇ ਫੁਲਾਂ ਦੇ ਨਾਲ ਹੁੰਦੇ ,
ਇਸ ਲਈ ਜਾਣ ਕੇ ਦੁਖ ਸਹੇੜਦੀ ਰਹੀਂ ।
ਪਹਿਲਾਂ ਆਪੇ ਹੀ ਝਗੜੇ ਤੂੰ ਖੜੇ ਕਰ ਲਈਂ ,
ਫੇਰ ਉਹਨਾਂ ਨੂੰ ਆਪੇ ਨਬੇੜਦੀ ਰਹੀਂ ।
ਮਰਹਮ ਕਿਸੇ ਦੇ ਜ਼ਖਮਾਂ ਤੇ ਲਾਣ ਲਗਿਆਂ ,
ਚੂੰਢੀ ਮਾਰ ਕੇ ਮਾਸ ਉਚੇੜਦੀ ਰਹੀਂ ।
ਗੱਪਾਂ ਮਾਰਨਾ ਵੀ ਇਕ ਕਲਾ ਹੈ ਵੇ ,
ਸਾਰਾ ਦਿਨ ਬੇਸ਼ਕ ਗੱਪਾਂ ਰੇੜ੍ਹਦੀ ਰਹੀਂ ।

IMPORTERS EXPORTERS WHOLESALERS RETAILERS
ROKKO SAREES & FABRICS
7-5.4-CHOME, ISOBE DORI, FUKIAI KU, KOBE, JAPAN
Phone: 251-6440
OWNED AND OPERATED BY B.S. KHURANA AND SONS AND GRANDSONS

ਲੜ ਲਾਇਆ ਜਿਸ ਬੁਧੂ ਦੇ ਨਾਲ ਤੈਨੂੰ ,
ਕਰ ਲਏਂ ਵਸ ਜੇ ਇਸ ਨੂੰ ਤਾਂ ਗ਼ਮ ਕੀ ਏ ।
ਧਕੇ ਮਾਰ ਸੱਸ ਸੌਹਰੇ ਨੂੰ ਬਾਹਰ ਕਢੀਂ ,
ਤੇਰੇ ਕੋਲ ਰਹਿਣ ਦਾ ਓਹਨਾਂ ਦਾ ਕੰਮ ਕੀ ਏ ।

ਪਤੀ ਲਭਿਆ ਤੇਰਾ ਹੈ ਤੇਰੇ ਵਰਗਾ .
ਇਕ ਦੂਜੇ ਨੂੰ ਨਹੀਂ ਕੁਝ ਕਹਿਣ ਜੋਗੇ ।
ਵੱਖ ਵੱਖਰੇ ਤੁਹਾਡੇ ਸੁਭਾਅ ਜਾਪਣ ,
ਕਠੇ ਰਲ ਕੇ ਨਹੀਂ ਤੁਸੀਂ ਬਹਿਣ ਜੋਗੇ ।
ਪੈਂਡੇ ਗ੍ਰਿਹਸਤ. ਪਹਾੜੀ ਦੇ ਬਹੁਤ ਬਿਖੜੇ ,
ਨਾ ਤੁਸੀਂ ਚੜ੍ਹਨ ਜੋਗੇ ਨਾ ਤੁਸੀਂ ਲਹਿਣ ਜੋਗੇ ।
ਜੇ ਕਰ ਲੜੋ ਤਾਂ ਵੀ ਗਾਲ੍ਹਾਂ ਕਢ ਛਡਣਾ ,
ਮਾਰਨ ਜੋਗੇ ਤੇ ਨਾ ਤੁਸੀਂ ਸਹਿਣ ਜੋਗੇ ।
ਸਾਡੀ ਅੰਤ ਵਿਚ ਇਹੋ ਅਸੀਸ ਬਚੀ ,
ਜੋੜੀ ਘਰ ਵਿਚ ਹੀ ਖੇਹ ਉਡਾਉਂਦੀ ਰਹੇ !
ਇਤਨੀ ਦੂਰੋਂ ਨਾ ਆਉਣ ਦਾ ਕਸ਼ਟ ਕਰਨਾ ,
ਤੱਤੀ ਵਾ ਤੁਹਾਡੀ ਸਾਨੂੰ ਆਉਂਦੀ ਰਹੇ ।

ਸਫਾ 28 ਦੀ ਬਾਕੀ

ਬਰਜ਼ਰੂਤ ਫੇਰੀ ਸੁਹੀਆ ਸੀ ।

ਤੇ ਉਹ ਜਨੂਜਣ ਕੋਈ ਨਾ ਕੋਈ ਗਲ ਤੋਰੀ ਰਖਣ ਵਾਲਿਆਂ ਨੂੰ ਨਵੀਂ ਇਕ ਰਹ ਮਿਲ ਗਈ । ਸੁਦੈਣ ਤੇ ਮਾਂ ਕੀ ਲਕੜੀ ਐਵੇਂ ਝੂਠ ਮੂਠ ਦੀ ਬਣੀ ਹੋਈ ਸੀ । ਹਰਾਮਜ਼ਾਦੀ ਪਲਾਲਣ ! ਖਾਸ ਖਾਸ ਥਾਵਾਂ ਦੇ ਨਕਸ਼ੇ ਬਣਾ ਕੇ ਲੈ ਗੀ ਹੱਥੂ……ਤੇ ਹੋਰ ਭੇਤ ।

B. R. CONTRACTORS
for
ELECTRICAL WIRING
IN
NEW HOUSES (RESIDENTIAL, COMMERCIAL & DOMESTIC)
INSTALLATION AND REPAIRS OF WASHERS, DRYERS AND STOVES

FRAMING
FOR CUSTOM HOMES (COMMERCIAL, RESIDENTIAL AND INDUSTRIAL) plus RENOVATIONS

ALL TYPES OF
BACK HOE SERVICE
DIGGING, TRENCHING, SEWERS, BACK FILLING ETC.


580—Rubber wheeled backhoe

CONTACT:
TARLOCHAN BAINS
1363—E. 12th Avenue,
Vancouver, B.C.
Business: 879-2062
Mobile phone: JR2-8484 (via operator)

ANNOUNCEMENT

Mrs. M. L. DAVIS WOULD LIKE TO ANNOUNCE THE ENGAGEMENT OF HER DAUGHTER JANE LOUISA TO TARLOCHAN SINGH JAGPAL.

ਲੋੜ ਹੈ।

ਇਕ ਪੜ੍ਹੇ ਲਿਖੇ ਸੁਹਿਰਦ ਪੰਜਾਬੀ ਰਾਮਗੜੀਆ ਨੌਜਵਾਨ ਲਈ ਇਕ ਸੁਨੱਖੀ , ਸਿਹਤਮੰਦ, ਸੁਸ਼ੀਲ ਤੇ ਪੜ੍ਹੀ ਲਿਖੀ ਜੀਵਨ ਸਾਥਣ ਦੀ ਲੋੜ ਹੈ। ਲੜਕਾ ਕਮਰਸ਼ੀਅਲ ਪਾਈਲਟ ਹੈ। ਹੋਰ ਜਾਣਕਾਰੀ ਲਈ ਲਿਖੋ ਜਾਂ ਫ਼ੋਨ ਕਰੋ।
Box 7335, Station O, Vancouver, B.C.
PHONE: 524-5764

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
1391 KINGSWAY,
VANCOUVER, B.C.
PHONE:
873-4541
873-5631

# BIG SAVINGS



HAKIM S. GILL



ZENITH color TV

REMOTE CONTROL WITH FOUR FOLDING DOORS
DARK OAK OR PECAN COLOR GENUINE WOOD VENEERS
ON TOP.

**SUGGESTED RETAIL**

**$1249.00**

**CLEARING OUT**

**$995.95 ONLY**

COME AND SAVE

AT

## GILL SALES

4525 MAIN ST. A T29th AVE. UPSTAIRS

**Off.: 872-8478** **Res.: 435-4504**

DO NOT MISS THE GREAT CHANCE OF BUYING THIS 26" Z E N I T H C O L O R T V AND MANY MORE ITEMS

# ਫੱਟੀ ਪੋਚ

"ਹਰ ਰਾਸ਼ਟਰੀ ਅੰਤਰ-ਰਾਸ਼ਟਰੀ, ਦੇਸੀ-ਬਦੇਸੀ; ਸੱਜਰੇ ਜਾਂ ਬੇਹੇ; ਸਮਾਜਕ, ਰਾਜਨੀਤਕ, ਆਰਥਕ, ਸਾਹਿੱਤਕ, ਸੱਭਿਆਚਾਰਕ, ਧਾਰਮਕ ਜਾਂ ਵਿਗਿਆਨਕ ਮਸਲੇ ਨਾਲ ਸੰਬੰਧਤ 'ਭੱਦਰ-ਪੁਰਸ਼ਾਂ' ਦੀ ਫੱਟੀ ਪੋਚਣਾ ਮੇਰਾ ਜਮਾਂਦਰੂ ਹੱਕ ਹੈ।"

ਫੱਟੀ ਪੋਚ ਪਾਠ ਕਰਨ ਤੋਂ ਬਾਦ ਰਸੋਈ ਵਲ ਜਾਣ ਲਗਦਾ ਹੈ ਤਾਂ ਸਿੱਧਰਾ ਢਿੱਲੀ ਜਿਹੀ ਚਾਲ ਨਾਲ ਅੰਦਰ ਆ ਕੇ ਫਤਿਹ ਬੁਲਾਉਂਦਾ ਹੈ।

ਫੱਟੀ ਪੋਚ :_ (ਫਤਿਹ ਸਵਿਕਾਰ ਕਰਕੇ ਉਸਦੇ ਚਿਹਰੇ ਵਲ ਦੇਖਦਾ ਹੋਇਆ)- ਸਿੱਧਰਿਆ ਕੀ ਗਲ ਤੜਕੇ ਤੜਕੇ ਹੀ ਤੋਤੇ ਉਡਾਈ ਫਿਰਦੈ ਸੁੱਖ ਤਾਂ ਹੈ ?

ਸਿੱਧਰਾ - (ਮੰਜੀ ਤੇ ਬਹਿੰਦਾ ਹੋਇਆ)- ਸੁੱਖ ਡੁੱਬ ਗੀ ਜੀ ਬੋੜੇ ਖੂਹ 'ਚ ਬਹਿਜੋ ਸੁਣਲੋ ਤੁਸੀਂ ਵੀ।

ਫੱਟੀ ਪੋਚ ਗਹੁ ਨਾਲ ਸਿੱਧਰੇ ਦੇ ਮੂੰਹ ਵਲ ਦੇਖਦਾ ਹੋਇਆ ਬਹਿ ਜਾਂਦਾ ਹੈ।

ਸਿੱਧਰਾ- ਜੀ ਭੁਤਵਾੜੇ ਵਾਲਾ ਰੌਸ਼ਨ ਸਿਉਂ ਆਇਆ ਇੰਡੀਆ ਤੋਂ ਛੁੱਟੀਆਂ ਕਟਕੇ ਕੱਲ। ਉਹ ਦਸਦੈ ਬਈ ਕਈ ਇਲਾਕਿਆਂ 'ਚ ਉਥੇ ਔੜ ਬੜੀ ਲਗੀ ਆ। ਭੁਤਵਾੜੇ ਦੇ ਲੋਕਾਂ ਨੇ ਇੰਦਰ ਦੇਵਤੇ ਨੂੰ ਖੁਸ਼ ਕਰਨ ਵਾਸਤੇ ਪੱਟੀ ਮਿਸਰਵ ਵਾਲੇ ਸੰਤ ਸੱਦ ਕੇ ਪੁੰਨ ਦਾਨ ਕੀਤਾ। ਜੀ ਹੋਏ ਤੇ ਛੇ ਹਜ਼ਾਰ ਰੁਪਈਆ ਖਰਚ ਕੀਤਾ ਏ।

ਫੱਟੀ ਪੋਚ- (ਹੈਰਾਨੀ ਨਾਲ) ਛੇ ਹਜ਼ਾਰ! ਸਿੱਧਰਿਆ ਉਹ ਕਿਵੇਂ?

ਸਿੱਧਰਾ- ਜੀ 2121 ਰੁਪਈਆਂ ਦਾ ਸੰਤਾਂ ਨੂੰ ਹਾਰ ਪਾਇਆ ਤੇ ਸਾਰੇ ਜੱਥੇ ਨੂੰ ਰੇਸ਼ਮੀ ਲੀੜੇ ਸਮਾ ਕੇ ਦਿੱਤੇ। ਜਿਥੇ ਦੀ ਸੰਤਾਂ ਨੇ ਤੁਰਨਾ ਸੀ ਉਥੇ ਚਿੱਟਾ ਲੱਠਾ ਵਿਛਾਇਆ ਤੇ ਹੋਰ ਇਹੋ ਜਿਹੇ ਨਿੱਕੇ ਮੋਟੇ ਖਰਚੇ ਕੀਤੇ ਰਹਿੰਦਾ ਖੂੰਹਦਾ ਗੁਰ ਕੇ ਲੰਗਰ ਤੇ ਪੰਡਾਲ ਸਜਾਉਣ ਤੇ ਖਰਚਤਾ।

ਫੱਟੀ ਪੋਚ- (ਮੱਥੇ ਤੇ ਹੱਥ ਮਾਰਦਾ ਹੋਇਆ) ਆਸ਼ਕੇ ਭੁਤਵਾੜੇ ਦੀਆਂ ਭੂਤਾਂ ਦੇ।

ਸਿੱਧਰਾ- ਗਾਹਾਂ ਸੁਣੋ ਜੀ ਅਜੇ। ਸੰਤ ਮਹਾਰਾਜ ਦੀ ਹਜ਼ੂਰੀ 'ਚ ਆ ਕੇ ਬੈਠ ਤਾਂ ਵਿਰਲੇ ਬੰਦੇ ਨੇ ਗੁਰੂ ਮਹਾਰਾਜ ਨੂੰ ਮੱਥਾ ਟੇਕਿਆ ਨਹੀਂ ਤਾਂ ਸਾਰੇ ਸੰਤਾਂ ਦੇ ਚਰਨੀਂ ਜਾ ਕੇ ਡਿਗੇ। ਚੜ੍ਹਾਵੇ ਦਾ ਹਿਸਾਬ ਹੋਇਆ ਤਾਂ ਸੰਤਾਂ ਨੂੰ 1500 ਤੋਂ ਉਪਰ ਤੇ ਗੁਰੂ ਮਹਾਰਾਜ ਦੀ ਹਜ਼ੂਰੀ 'ਚ 43 ਰੁਪਈਏ ਤੇ 63 ਪੈਸੇ।

ਫੱਟੀ ਪੋਚ- ਸਿੱਧਰਿਆ ਫੇਰ ਤਾਂ ਗੁਰੂ ਗਰੰਥ ਸਾਹਿਬ ਸੰਤਾਂ ਦੀ ਹਜ਼ੂਰੀ 'ਚ ਸੀ ਸੰਤ ਗੁਰ ਗਰੰਥ ਸਾਹਿਬ ਦੀ ਹਜ਼ੂਰੀ 'ਚ ਨੀ।

ਸਿੱਧਰਾ- ਕੀ ਮਤਲਬ ਜੀ ?

ਫੱਟੀ ਪੋਚ- ਸਿੱਧਰਿਆ ਮਤਲਬ ਇਹ ਬਈ ਲੋਕਾਂ ਨੇ ਗੁਰੂ ਗਰੰਥ ਸਾਹਿਬ ਨਾਲੋਂ ਉਸ ਸੰਤ ਨੂੰ ਵੱਧ ਸਨਮਾਨਿਆ।

ਸਿੱਧਰਾ- ਹਾਂ ਜੀ ਹਾਂ। ਰੌਸ਼ਨ ਸਿਉਂ ਦਸਦੈ ਬਈ ਸੰਤਾਂ ਦੀ ਜੁੱਤੀ ਦੀ ਧੂੜ ਮੱਥੇ ਨੂੰ ਲਾਉਣ ਪਿੱਛੇ ਲੋਕੀ ਡਾਹਿ ਡਾਹਿ ਮਰਗੇ। ਕਈ ਮਾਈਆਂ ਨੇ ਤਾਂ ਦੁੱਧ ਦੇ ਛੰਨੇ ਲਿਆਕੇ ਸੰਤਾਂ ਦੀ ਸੁੱਚ ਲਈ ਪਰ ਸੰਤ ਬਿਮਾਰ ਹੋਣ ਕਰਕੇ ਕਈਆਂ ਦੇ ਜੁਆਕ ਬਿਮਾਰ ਹੋਗੇ।

ਫੱਟੀ ਪੋਚ- (ਅੱਗ ਭਬੂਕਾ ਹੋਕੇ) ਫਿੱਟੇ ਮੂੰਹ ਇਨ੍ਹਾਂ ਲੋਕਾਂ ਦੇ। ਮੈਨੂੰ ਮਿਲਣ ਤਾਂ ਮੈਂ ਪੋਰੀ ਫੱਟੀ ਚਰਖਿਆਂ ਦੀ, ਬਈ ਆਹ ਅਮਲ ਕਰਦੇ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਜਿਨ੍ਹਾਂ ਨੇ ਬੋਡੀ ਖਾਤਰ ਸੈਂਕੜੇ ਤਸੀਹੇ ਝੱਲੇ ਤੇ ਆਪਣੇ ਸਰਬੰਸ ਵਾਰਤੇ। ਓਏ ਆਹ ਸ਼ਰਧਾ ਏ ਥੋਡੇ ਦਿਲਾਂ 'ਚ ਆਪਣੇ ਦਸਾਂ ਗੁਰੂਆਂ ਦੇ ਰੂਪ ਸ੍ਰੀ ਗੁਰੂ ਗਰੰਥ ਸਾਹਿਬ ਲਈ, ਜਿਹਨੂੰ ਛੱਡਕੇ ਇਕ ਪਰਚਾਰਕ ਦੇ ਪੈਰੀਂ ਮੱਥੇ ਰੰਗੜਦੇ ਓ। ਓਏ ਭੂਤ ਨਿਓ--------

ਫੱਟੀ ਪੋਚ ਖੰਘ ਨਾਲ ਦਮੋਂ ਉਖੜ ਜਾਂਦਾ ਹੈ। ਸਿੱਧਰਾ ਪਾਣੀ ਪਿਲਾ ਕੇ ਦਮ ਸਿਰ ਕਰਦਾ ਹੈ ਤੇ ਗਲ ਅਗੇ ਤੋਰਦਾ ਹੈ।

ਸਿੱਧਰਾ- ਉਸਤਾਦ ਜੀ ਇਕ ਬੁੱਢੇ ਨੂੰ ਸੰਤਾਂ ਦੀ ਜੁੱਤੀ ਦੀ ਧੂੜ ਨਸੀਬ ਨਾ ਹੋਈ ਤਾਂ ਉਹਨੇ ਸੰਤਾਂ ਦੀ ਕਾਰ ਨਾਲੋਂ ਮਿੱਟੀ ਪੂੰਝ ਕੇ ਮੱਥੇ ਨੂੰ ਲਾਉਣੀ ਚਾਹੀ ਪਰ ਸੰਤਾਂ ਦੇ ਸੇਵਕ ਨੇ ਰਫਲ ਦਾ ਬੱਟ ਮਾਰਕੇ ਬੁੱਢੇ ਨੂੰ ਦੋ ਲੋਟਪੋਟਣੀਆਂ ਖਵਾਤੀਆਂ, ਕਾਰਨ ਬਈ ਉਹ ਕਾਰ ਦਾ ਰੰਗ ਖਰਾਬ ਕਰਦਾ ਸੀ। ਰੌਸ਼ਨ ਸਿਉਂ ਨੇ ਉਸ ਸੇਵਕ ਨੂੰ ਗਲਤੀ ਮੰਨਣ ਨੂੰ ਕਿਹਾ ਤਾਂ ਲੋਕ ਉਲਟੇ ਰੌਸ਼ਨ ਸਿਉਂ ਮਗਰ ਪੈਗੇ।

ਫੱਟੀ ਪੋਚ- ਬੱਚੜਿਆ ਨੇਰ੍ਹ ਸਿਉਂਆਂ ਦੇ ਭੌਣ ਤੇ ਕਲੀ-ਕਹਿਰੇ ਰੌਸ਼ਨ ਸਿਉਂ ਦੀ ਕੀ ਪੁੱਗਣੀ ਸੀ। ਚਲ ਏਨੇ ਨਾਲ ਘੱਟੋ ਘੱਟ ਉਸ ਬੁੱਢੇ ਦੀ ਤਾਂ ਸੁਰਤ ਟਿਕਾਣੇ ਆਗੀ ਹੋਊ।

ਸਿੱਧਰਾ- ਜੀ ਬੁੱਢਾ ਤਾਂ ਕਹਿੰਦਾ ਮੈਂ ਕਿਸਮਤ ਵਾਲਾ ਹੁੰਦਾ ਜੇ ਸੰਤਾਂ ਦੇ ਸੇਵਕ ਹਥੋਂ ਮਰ ਜਾਂਦਾ।

ਫੱਟੀ ਪੋਚ-(ਪਾਣੀ ਪੀ ਕੇ ਠੰਢਾ ਸਾਹ ਭਰਦਾ ਹੋਇਆ) ਬੱਚੜਿਆ ਪਤਾ ਨੀ ਕਿਉਂ ਪੰਜਾਬੀ ਲੋਕ ਦਮਾਗ ਦੀ ਕੋਠੜੀ ਨਹੀਂ ਖੋਲਦੇ। ਪਸ਼ੂ ਵੀ ਥੋੜੇ ਬਹੁਤ ਸਿਰ ਦੇ ਬੜੀਏ ਘਸਾ ਧਰਦੇ ਨੇ ਪਰ ਸੌ 'ਚੋਂ ਸੱਠ ਪੰਜਾਬੀ ਅਜਿਹੇ ਨੇ ਜਿਨ੍ਹਾਂ ਨੇ ਇਹ ਸਗਾਤ ਧਰਮਰਾਜ ਨੂੰ ਅਣਲਗ ਹੀ ਮੋੜਨ ਦੀ ਸੌਂਹ ਪਾਈ ਹੋਈ ਹੈ। ਜੇ ਇਹ ਸੌਂਹ ਤੋੜ ਦੇਣ ਤਾਂ ਪੰਜਾਬੀ ਵੱਡਿਆਂ ਵੱਡਿਆਂ ਦੀ ਫੱਟੀ ਪੋਚ ਕੇ ਧਰ ਦੇਣ।

ਸਿੱਧਰਾ ਸ਼ਰਧਾ ਭਰੇ ਦਿਲ ਨਾਲ ਸਾਹਮਣੇ ਟੰਗੀ ਤਸਵੀਰ ਨੂੰ ਗੋਡਿਆਂ ਭਾਰ ਹੋ ਕੇ ਨਮਸਕਾਰ ਕਰਦਾ ਹੈ ਜਿਸ ਤੇ ਮਾਛੀਵਾੜੇ ਦੇ ਜੰਗਲਾਂ ਵਿਚ ਨੰਗੇ ਪੈਰੀਂ ਤੇ ਪਾਟੇ ਕੱਪੜੀਂ ਚੀਰਿਆਂ ਨਾਲ ਲਹੂ-ਲੁਹਾਣ ਗੁਰੂ ਗੋਬਿੰਦ ਸਿੰਘ ਜੀ ਰੋੜਿਆਂ ਦਾ ਵਾਸਣਾ ਲਾਈਂ ਪਏ ਹਨ।

IMPORTERS EXPORTERS WHOLESALERS RETAILERS

ROKKO SAREES & FABRICS

S-39, GREEN PARK, NEW DELHI-16, INDIA. PHONE: 77790

OWNED AND OPERATED BY B.S. KHURANA AND SONS AND GRANDSONS

# - BUSINESS DIRECTORY -

## CLOTH STORES

B & G ENTERPRISES 7209 Main St.,Vancouver. PHONE: 324-6203
CONTINENTAL CLOTH HOUSE 6576 Main St., Van. PHONE: 321-0847
DIVENA TRADING 6642 Main St., Vancouver. PHONE: 324-3723,324-2508
EAST WEST QUALITY WEAR 7220 Main St., Vancouver. PHONE: 325-5414
EAST WEST QUALITY WEAR 1290 E. 12th Ave.,Van. PHONE: 876-7901
ELITE TAILORS 4213 Main St., Vancouver. PHONE: 872-2276
LONDON FASHION STORE 4393 Main St.,Van. PHONE: 876-7515
PUNJAB FASHION STORE 4518 Main St., Van. PHONE: 879-2612
ROKKO SAREES & FABRICS 6201 Fraser St.,Van. PHONE: 327-3033,327-8033

## FILM EXHIBITORS

AVTAR BAINS Queen Elizabeth Playhouse,Vancouver. PHONE: 325-7369
EVERGREEN FILMS YOrk Theatre, Vancouver. PHONE: 255-0141
HORIZON FILMS Metro Theatre, Vancouver. PHONE: 299-6710 (24 hrs.)
HORIZON FILMS Centennial, N. Vancouver. PHONE: 299-6710 (24 hrs.)
S & S PICTURES Olympia Theatre, Vancouver. PHONE: 325-8343
SIHOTA DISTRIBUTORS 1391 Kingsway,Van. PHONE: 873-4541,873-5631

## GROCERY STORES

INTERNATIONAL GROCERIES 4303 Main St., Vancouver. PHONE 879-2085
INTER-UNIVERSAL FOODS 9369 Scott Rd., Delta. PHONE5
JAY MANGAL ENTERPRISES 6108 Fraser St.,Vancouver. PHONE 321-2844
NEW SPICE LAND 4532 Main St.,Vancouver. PHONE 874-6624
PATEL DELUX 2210 Commercial Dr., Vancouver. PHONE 255-6729
NODA FISH MARKET 4583 Kingsway, Vancouver. PHONE 434-2141
TRU FOODS 10713 King George Hwy, Surrey. PHONE: 584-7011

## JEWELLERS

BHARTI ART JEWELLER 865 Kingsway, Vancouver. PHONE: 874-9448
PAREKH JEWELLER 7211 Main St., Vancouver. PHONE: 321-6214

Watno Dur Art Foundation
presents

RATTA-SALU

a full length play in Punjabi
QUEEN ELIZABETH PLAY HOUSE
on September 21, 1974 — 1.00 p.m.

TO
PUT
YOUR
NAME
IN
BUSINESS
DIRECTORY

Contact

LITERARY & CULTURAL
MONTHLY OF PANJABI

THE WATNO DŪR
Post Box No. 1041
Coquitlam, B.C., Canada

874-5403

# REAL ESTATE

BHOJWANI JAY 6550 E. Hastings St., Burnaby. PHONE: 255-0082
GILL AMARJIT 6964 Victoria Dr., Vancouver. PHONE: 327-8141
JANDA AJAIB 5842 Cambie St., Vancouver. PHONE: 321-6881
KHOSLA SUKL 6550 E. Hastings St., Burnaby. PHONE: 255-0082
MATTU TARY 5842 Cambie St., Vancouver. PHONE 321-6881
MEHTA GIRISH 6964 Victoria Dr.,Vancouver. PHONE: 327-8141
SIDHU DALJIT 9360 Scott Rd., Surrey. PHONE: 581-4601
DEOL GURMINDER 7895 Kingsway, Burnaby. PHONE: 526-1626
CHEEMA RAJ 7350 Edmonds St., Burnaby. PHONE: 524-9511
DHILLON G. S. 2001 W. 41st Ave., Vancouver. PHONE: 266-4155
ISRANI JAMES K. 3953 E. Hastings, Burnaby. PHONE: 291-2821
MANGAT JASWANT 4488 Main St., Vancouver. PHONE: 876-7111
KANDOLA TARSEM 4395 Fraser St.,VAncouver. PHONE: 872-2666
JAZZ SINGH 4395 Fraser St., Vancouver. PHONE: 872-2666
BRAR DARSHAN 5467 Victoria Dr., Vancouver. PHONE: 327-8315
MOTI MICHAEL 1435 Kingsway, Vancouver. PHONE: 879-7571
TOOR HARPAL 1435 Kingsway, Vancouver. PHONE: 879-7571

# TRAVEL

**AHLUWALIA KARTAR S. 1391 Kingsway, Vancouver Phone: 873-5631 324-2551**
**BAINS INTERNATIONAL SERVICE LTD. 6364 Fraser, Vancouver Phone: 324-2277**
**CENTURY TRAVEL SERVICE 204—3310 Fraser St., Vancouver Phone: 874-9429**
**EVERYDAY TRAVEE SERVICE 2301 Main St., Vancouver Phone: 879-4677**
**PAMILA INTERNATIONAL TRAVEL SERVICE 4877 Main St. Vancouver Phone: 876-2248**
**SUPREME TRAVEL SERVICE 3397 Kingsway, Vancouver Phone: 438-4371**

# FOREIN EXCHANGE

COMMONWEALTH FOREIGN EXCHANGE SERVICE Phone: 327-3579


**Watno Dur Art Foundation**
presents

## RATTA-SALU

a full length play in Punjabi

at QUEEN ELIZABETH PLAY HOUSE
**on September 21, 1974 — 1.00 p.m.**

ORIENTAL SILVER and GOLD JEWELRY REPAIRING

NEW STORE

***Bharti Art Jewellers***

Specialist in East Indian Jewelry Craftware

RASIK PAREKH

Store: 874-9448
Res: 321-1842

865 Kingsway, Vancouver

SALES·SERVICE·
**of**
Stereos – Car Stereos

T.V. Black & White -- Colour

Radio & Cassette Player – Clock Radio

**At**

**GILL SALES**

**4525 Main Street - . Vancouver, B.C.**

**Off.: 872-8478**

The management of *K. P. Restaurant* announces the

OPENING OF

# *Moti Mahal Ltd.*

**1067 HOWE STREET** **PHONE: 688-5826**

Special varieties of sweets (Rasgula, Ras Malai, Amriti, Lady Can, Cham Cham, Dilbahar, Palangtorh and China Murgi) By Mr. Om. Par kash and Kuldip Singh who are having an experience of 25 years and 20 years resp.

All kinds of sweets, pickles (vegetarian and non-vegetarian) and foods (over 30 varieties).

Where you can get all kind of liquors, speci al arrangements for parties, marriages inside and outside.

CONTACT

# PARAMJIT DHANDA

RESTAURANT **688-5826** **321-8617** RESIDENCE **521-3395**

LITERARY & CULTURAL MONTHLY OF PANJABI
THE WATNO DŪR
Post Box No. 1041 Coquitlam, B.C., Canada

ਕੈਨੇਡਾ ਵਿੱਚ ਪੰਜਾਬੀ ਦਾ ਸਾਹਿਤਕ-ਸੱਭਿਆਚਾਰਕ ਮਾਸਕ ਪੱਤਰ: ਵਤਨੋਂ ਦੂਰ

SEPTEMBER, 1974 NO. 15

SECOND CLASS MAIL
REGISTRATION NUMBER: 3233


# Top Priority



Anything more important than your family's future?
Put first things first with common sense life insurance.
Call me today.

**Ajit S. Sidhu**

Sales representative
Office: 524-3601
Residence: 584-4516

**METROPOLITAN LIFE**

550—6th Street, Ste. 270, New Westminster, B.C. V3L 3B8

We sell life insurance. — But our business is life.